Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ

*Award winning news paper* | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

Vol 17 * Issue 212
Daily Newspaper Tuesday, November 06, 2018
Tel: 905-793-2202 Fax: 905-793-2282 news@punjabipost.ca




# PATAKA FACTORY

## 416-831-5252

## www.patakafactory.com

## AMAZING FIREWORKS WHOLESALE PRICES!

## 15+ LOCATIONS TO SERVE YOU BETTER!

| | | | | |
|---|---|---|---|---|
| 1 Pataka Factory: 1780 Albion Rd #7, Etobicoke, ON M9V 1C1 | 2 Pataka Factory: 801 Bovaird Dr W., #C-781, Brampton, ON L6X 0T9 | 3 Pataka Factory: 8887 The Gore Rd., #18, Brampton, ON L6P 2K9 | 4 Pataka Factory: 164 Sandalwood Pkwy E., #200, Brampton, ON L6Z 3S4 | 5 Inside Royal Pann: 2260 Bovaird Dr E #107, Brampton, ON L6R 1Z1 |
| 6 Inside Bombay Palace: 200 Advance Blvd., Brampton, ON L6T 4V4 | 7 Inside Video Palace: 80 Pertosa Dr., #18, Brampton, ON L6X 5E9 | 8 Inside Nachdi Jawani: 4535 Ebenezer Rd, #6, Brampton, ON L6P 0B7 | 9 Inside Bollywood: 680 Rexdale Blvd., #25, Rexdale, ON M9W 0B5 | 10 Inside Airport Bukhara: 7166 Airport Rd, Mississauga, ON L4T 1E3 |

# Gillz Sweet Factory

**Biggest Wholesale Sweet Factory in Brampton**


## ਮੇਲਾ ਮਿਠਾਈਆਂ ਦਾ

ਸ਼ਨੀਵਾਰ 3 ਨਵੰਬਰ ਤੋਂ ਬੁੱਧਵਾਰ 7 ਨਵੰਬਰ ਤਕ

ਦੀਵਾਲੀ ਦੀਆਂ ਲੱਖ ਲੱਖ ਵਧਾਈਆਂ

**1000 ਤੋਂ ਵੀ ਵੱਧ ਬੰਦਿਆਂ ਦੀ *Catering* ਦਾ ਪ੍ਰਬੰਧ**

- ਤੁਸੀਂ ਹੋਲ ਸੇਲ ਰੇਟ ਤੇ ਤਾਜ਼ੀਆਂ ਮਿਠਾਈਆਂ ਲੈ ਸਕਦੇ ਹੋ
- ਕਿਸੇ ਵੀ ਖੁਸ਼ੀ ਦੇ ਮੌਕੇ ਲਈ ਆਰਡਰ ਤੇ ਭਾਜੀ ਤੇ ਮਿਠਾਈਆਂ ਤਿਆਰ ਕੀਤਾ ਜਾਂਦਾ ਹੈ ਕਿਸੇ ਵੀ ਧਾਰਮਿਕ ਸਮਾਗਮ ਲਈ ਪੂਰੀ ਸ਼ੁੱਧਤਾ ਨਾਲ ਭੋਜਨ ਤਿਆਰ ਕੀਤਾ ਜਾਂਦਾ ਹੈ
- ਤੁਸੀਂ ਤਾਜ਼ੇ ਸਮੋਸੇ ਵੀ ਲੈ ਸਕਦੇ ਹੋ




2131 Williams Pkwy, Unit # 3 & 6,
Brampton L6S 5Z4

Open at 8 am

**Tel : 905 799 2616**

www.gillzsweetfactory.com info@gillzsweetfactory.com



## ਸਮੂਹ ਲੋਕਾਈ ਨੂੰ ਦੀਵਾਲੀ ਦੀਆਂ ਬਹੁਤ ਬਹੁਤ ਵਧਾਈਆਂ




1075 Lorimar Dr, Unit 1-5, Mississauga ON L5S 1N2

Tel : 905 564 2663

info@aonecakes.com

www.aonecakes.com

Check our exciting coupons

$25 OFF ON 3 TIER WEDDING CAKES
Present this coupon when ordering. One coupon one customer per visit only. This offer cannot be combined with any other offer. Offer expires on Dec 31, 2018

$2 OFF ON ANY 5 lbs COOKIES
Present this coupon when ordering. One coupon one customer per visit only. This offer cannot be combined with any other offer. Offer expires on Dec 31, 2018

$1 OFF ON ANY 2.5 lbs COOKIES
Present this coupon when ordering. One coupon one customer per visit only. This offer cannot be combined with any other offer. Offer expires on Dec 31, 2018


We wish you a very Happy & Prosperous Diwali
ਦੀਵਾਲੀ ਦੀਆਂ ਲੱਖ ਲੱਖ ਵਧਾਈਆਂ
CHAI GOLD
PUNJAB KING
Simply the Best!
NANAK
So Good, So Pure...It's Nanak
ਦੇਸੀ ਚਾਹ ਦਾ ਮਜ਼ਾ
ਹੁਣ ਮਿੰਟਾਂ ਵਿਚ
Himalaya
AMRIT
KFI
Bambino
Raji
GeeBees CHAI GOLD
Jabsons
EVEREST TRADERS INC.
Marketed & Distributed by
2960 Drew Rd., Unit 157
Mississauga, ON L4T 0A5
Tel: 905.673.5758
www.everesttraders.com


ASIAN FOOD CENTRE
Fresh Fruits, Vegetables, Indian & Canadian Grocery
You can now shop online visit us at www.asianfoodcentre.com
Happy Diwali Sale
Sale Nov 1st to Nov 11th, 2018
DEEP WHOLE WHEAT ATTA REG:$10.99 6.99
SHER DESI STYLE ATTA REG$10.99 9.99
LAXMI SHARBATI ATTA REG$11.99 8.99
ALMOND REG:$6.99 1LB 4.99
INDIA GATE PREMIUM RICE 10LB 9.99
ASIAN BASMATI RICE (8LB) REG$10.99 8.99
AFC SILVER RICE (8LB) REG:$7.99 5.99
POPULAR PARATHA (25PCS) REG:$6.99 5.99
POPULAR SAMOSA (400G) REG$2.49 1.79
SAFFRON (1GRAM) REG:$2.99 1.79
UNICO VEG OIL (3LITRE) REG:$7.99 5.99
SURATI CUT OKRA, GUAR, TINDORA, METHI, SPINACH, DRUMSTICK .99
PARLE G BISCUITS (300G) REG:$.99 .79
BOMBAY BROWN SUGAR (10LB) REG:$9.99 7.99
FROOTI MANGO PULP REG:$2.99 1.79
SURATI SNACKS REG:$2.79 +tx 1.99
DABUR REAL JUICE (1LITRE) REG$3.49 2.29
MR.GOUDAS SALT(1KG) REG$.99 .69
HALDIRAM PARATHA REG$2.99 EXCEPT PANEER PARATHA 1.99
BIKANERI BESAN (4LB) REG$4.99 3.99
GOLDEN COOKIES (2.5LB) REG:$5.99 4.99
MR.GOUDAS CHICK PEAS(796ML) REG:$1.99 1.49
DEEP FAFDA MATHIA REG:$1.99 1.29
SANTOSH NAAN REG:$1.49 .99
CRISPY ROTI REG:$2.99 1.99
BIKANERI COOKIES (2.5LB) REG:5.99 4.99
APPY FIZZ (1LITRE) REG:$2.49 1.79
ApnaTaste Rasmalai Reg:$7.99 6.99
APNA TASTE GULAB JAMUN REG:$5.99 4.99
TAAZA MANGO JUICE (1LITRE) REG:$1.49 .99
BRITANNIA WHEAT RUSK (305g) REG:$2.29 1.49
HALDIRAM GULAB JAMUN (1KG) REG$5.99 4.49
MASSAR WHOLE RED LENTIL (4LB) REG:$3.99 2.99
CRISPY COOKIES (350G) REG$3.99 2.29
MIRACH MASALA FAMILY PACK 5.99
HALDIRAM ASST SNACKS +TAX .99
URAD WHOLE (4LB) REG:$5.99 3.99
TRUST SUGAR (33LB) REG:$22.99 19.99
GOODDAY COOKIES (75G) REG:$.99 2 for 1.
INDIAN ROOHFZA REG: $4.99 3.49
MAGGI TAMARIND & MASALA CHILLI SAUCE (340ML) 2.99
ASIAN BESAN (4LB) REG:$5.29 4.29
NATIONAL PICKLE 1KG REG:4.99 3.99
HALDIRAM SOAN PAPDI (250G) REG$2.49 1.79
CRISPY PUNJABI COOKIES(2.5LB) REG$5.99 4.49
BIKANERI MUMRA (400G) REG:$2.49 1.49
BRIATNNIA PUNJABI COOKIES (620G) REG$3.99 2.49
HEINZ HOT & SPICY KETCHUP (1LITRE) REG:$4.99 3.99
WHITE CHANA CHANA DAAL (4LB) REG:$5.99 3.99
RED LABEL TEA (900G) REG$9.99 5.99
DEEP TANDOORI PARATHA NAAN REG:$2.99 2.29
DABUR REAL JUICE (1LITRE) REG$3.49 2.29
DABUR MUSTARD OIL (500ML) REG:$4.49 2.79
TOOBA FRIED ONION (400G) REG:$2.49 1.99
WE HAVE LARGE QUANTITY OF DIYA DIWALI ITEMS AND SWEETS FROM INDIA.
Fresh Indian Sweets, Samosa, Jalebis and Pakoras and much more
ETOBICOKE 10 Westmore Dr. 416-740-3262
MISSISSAUGA 1075 Ceremonial Dr. 905-502-1600
BRAMPTON 80 Pertosa Dr. 905-460-0009
BRAMPTON 2120 North Park Dr. 905-793-1338
BRAMPTON 621 Wanless Dr. 905 495 3336
BRAMPTON 10510 TORBRAM RD 905-790-0030
BRAMPTON 10 PANNAHILL DRIVE 905-913-8017
BRAMPTON 40 AIRPORT RD & LACOSTE DR 905-794-8109
NOW OPEN
TOLL FREE -1-800-708-9232

## -ਪੰਜਾਬੀ ਪੋਸਟ ਵਿਸ਼ੇਸ਼-

# ‘ਸੀ ਐਨ ਟੀ ਐਲ’ਵਿਖੇ ਮਨੁੱਖੀ ਹੱਕਾਂ ਦਾ ਘਾਣ

ਕੀ ਕੈਨੇਡੀਅਨ ਨੈਸ਼ਨਲ ਟਰਾਂਸਪੋਰਟੇਸ਼ਨ ਲਿਮਟਿਡ (CNTL) ਵੱਲੋਂ ਆਪਣੇ ਬਰੈਂਪਟਨ ਅਹਾਤੇ ਵਿੱਚ ਕੰਮ ਕਰਨ ਵਾਲੇ ਮੁਲਾਜ਼ਮਾਂ ਅਤੇ ਟਰੱਕ ਓਨਰ ਅਪਰੇਟਰਾਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਜਾ ਰਿਹਾ ਹੈ? ਕੀ ਇਹ ਘਾਣ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਬਹੁ ਗਿਣਤੀ ਮੁਲਾਜ਼ਮ, ਡਰਾਈਵਰ ਅਤੇ ਓਨਰ ਅਪਰੇਟਰ ਇੰਮੀਗਰਾਂਟ ਭਾਈਚਾਰੇ ਨਾਲ ਸਬੰਧਿਤ ਹਨ? ਕੀ ‘ਸੀ ਐਨ’ (CN) ਦੀ ਇਸ ਸਹਾਇਕ ਕੰਪਨੀ (Subsidiary company) ਦਾ ਖਿਆਲ ਹੈ ਕਿ ਮੁਲਾਜ਼ਮਾਂ ਦੇ ਬੁਨਿਆਦੀ ਹੱਕ ਮਾਅਨੇ ਨਹੀਂ ਰੱਖਦੇ? ਸਾਫ਼ ਸਫਾਈ ਅਤੇ ਮਨੁੱਖੀ ਸੁਰੱਖਿਆ ਦੇ ਪੈਦਾ ਹੋਏ ਹਾਲਾਤਾਂ ਤੋਂ ਅੰਦਾਜ਼ਾ ਲਾਇਆ ਜਾਣਾ ਔਖਾ ਨਹੀਂ ਕਿ ਸੀ ਐਨ ਟੀ ਐਲ ਉਨਟੇਰੀਓ ਦੇ ਲੇਬਰ ਮੰਤਰਾਲੇ, ਮਨੁੱਖੀ ਅਧਿਕਾਰ ਕਮਿਸ਼ਨ ਅਤੇ ਹੋਰ ਰੈਗੁਲੇਟਰੀ ਸੰਸਥਾਵਾਂ ਦੇ ਹਰ ਕਿਸਮ ਦੇ ਭੈਅ ਤੋਂ ਮੁਕਤ ਆਪਣੇ ਮਨੁੱਖੀ ਸ੍ਰੋਤਾਂ ਨਾਲ ਗੈਰ-ਮਨੁੱਖੀ ਵਰਤਾਰਾ ਕਰ ਰਹੀ ਹੈ।




24 ਅਕਤੂਬਰ ਤੋਂ ‘ਲੀਗਲ ਇਨਫਰਮੇਸ਼ਨ ਪਿੱਕਟ’ ਦੇ ਨਾਮ ਉੱਤੇ ਸਵੇਰੇ ਸਾਢੇ ਛੇ ਵਜੇ ਤੋਂ ਰਾਤ ਨੌਂ ਵਜੇ ਤੱਕ ਵਾਰੋ ਵਾਰੀ ਕੰਪਨੀ ਦੇ ਕਾਮੇ ‘ਸੀ ਐਨ ਟੀ ਐਲ’ ਦੇ ਅਹਾਤੇ ਤੋਂ ਬਾਹਰ ਆਪਣੇ ਦੁੱਖਾਂ ਬਾਰੇ ਜਾਣਕਾਰੀ ਦੇਣ ਲਈ ਇੱਕਤਰ ਹੁੰਦੇ ਹਨ। ਉਹ ਸੜਕ ਉੱਤੇ ਆ ਕੇ ਦੱਸ ਰਹੇ ਹਨ ਕਿ ਕੰਪਨੀ ਦੇ ਅਹਾਤੇ ਵਿੱਚ ਕੋਈ ਵਰਤੋਂ ਯੋਗ ਵਾਸ਼ਰੂਮ ਨਹੀਂ। ਜੋ ਪੋਰਟੇਬਲ ਹਨ ਉਹਨਾਂ ਦੀ ਸਫ਼ਾਈ ਦਾ ਹਾਲ ਬੇਅੰਤ ਭੈੜਾ ਹੈ। ਐਨਾ ਭੈੜਾ ਕਿ ਨੁਮਾਇੰਦਿਆਂ ਵੱਲੋਂ ਕੰਪਨੀ ਮੈਨੇਜਮੈਂਟ ਨਾਲ ਹੋਈ ਗੱਲਬਾਤ ਦੌਰਾਨ ਜੋ ਵਾਸ਼ਰੂਮਾਂ ਦੀਆਂਫੋਟੋਆਂ ਵਿਖਾਈਆਂ ਗਈਆਂ ਤਾਂ ਫੋਟੋਆਂ ਵੀ ਨੱਕ ਬੰਦ ਕਰਨ ਲਈ ਮਜ਼ਬੂਰ ਕਰਦੀਆਂ ਹਨ। ਇੱਥੇ ਅਨੇਕਾਂ ਲੜਕੀਆਂ ਕੰਮ ਕਰਦੀਆਂ ਹਨ ਜਿਹਨਾਂ ਲਈ ਵਾਸ਼ਰੂਮਾਂ ਦਾ ਕੋਈ ਸਹੀ ਇੰਤਜ਼ਾਮ ਨਹੀਂ ਹੈ।

ਸੀ ਐਨ ਟੀ ਐਲ ਵੱਲੋਂ ਆਪਣੀ ਵੈੱਬਸਾਈਟ ਉੱਤੇ ਬਹੁਤ ਮਾਣ ਨਾਲ ਪਾਇਆ ਗਿਆ ਹੈ ਕਿ ਕੰਪਨੀ ਵਾਸਤੇ ਸੇਫਟੀ ਸੱਭ ਤੋਂ ਵੱਡੀ ਪਹਿਲ (Safety first) ਹੈ। ਬਕੌਲ ਕੰਪਨੀ ਦੀ ਵੈੱਬਸਾਈਟ “We are proud of our industry leading safety program and standing. ਕੰਪਨੀ ਮੁਤਾਬਕ ਸ਼ਾਇਦ ਸੇਫਟੀ ਉਹ ਸ਼ਾਨਦਾਰ ਸ਼ਬਦਾਵਲੀ ਹੈ ਜਿਸਨੂੰ ਵੈੱਬਸਾਈਟ ਉੱਤੇ ਪਾਉਣ ਨਾਲ ਹੀ ਮੁਲਾਜ਼ਮਾਂ ਅਤੇ ਓਨਰ ਅਪਰੇਟਰਾਂ ਦਾ ਖਿਆਲ ਰੱਖਿਆ ਜਾਂਦਾ ਹੈ। ਕੰਪਨੀ ਦੇ ਅਹਾਤੇ ਵਿੱਚ ਗੋਡੇ 2 ਪਏ ਟੋਇਆਂ ਬਾਰੇ ਕੋਈ ਕੀ ਕਹੇ ਜਿਹਨਾਂ ਵਿੱਚੋਂ ਮਨੁੱਖ ਤਾਂ ਕੀ ਟਰੱਕ ਵੀ ਸੁਰੱਖਿਅਤ ਨਿਕਲਣੇ ਸੰਭਵ ਨਹੀਂ? ਮੈਨੇਜਰ ਸ਼ਿਕਾਇਤ ਕਰਨ ਵਾਲਿਆਂ ਨੂੰ ਬੁਲਿੰਗ ਕਰਕੇ ਚੁੱਪ ਕਰਵਾਉਣ ਨੂੰ ਸ਼ਾਇਦ ਸੇਫਟੀ ਸਮਝ ਰਹੇ ਹਨ। ਨਾ ਮੈਨੇਜਮੈਂਟ ਨੂੰ ਨਜ਼ਰ ਆਉਂਦਾ ਹੈ ਕਿ ਕੰਪਨੀ ਦੇ ਐਨ ਨੱਕ ਥੱਲੇ ਉਹਨਾਂ ਦੇ ਆਪਣੇ ਭਾਈਵਾਲ ਪਿਛਲੇ ਦੋ ਹਫਤਿਆਂ ਤੋਂ ਸੀ ਐਨ ਟੀ ਐਲ ਦੀ Safety first ਪਹੁੰਚ ਦਾ ਸ਼ਰੇਆਮ ਪ੍ਰਚਾਰ ਕਰ ਰਹੇ ਹਨ।

ਸੀ ਐਨ ਟੀ ਐਲ ਲਈ ਰੋਜ਼ਾਨਾ 4 ਤੋਂ 5 ਹਜ਼ਾਰ ਟਰੱਕ ਲੋਡ ਕੰਮ ਕਰਨ ਵਾਲੇ ਬਹੁ ਗਿਣਤੀ ਪੰਜਾਬੀਆਂ ਨੂੰ ਵੋਟ ਬੈਂਕ ਸਮਝ ਕੇ ਬਰੈਂਪਟਨ ਦੇ ਕਈ ਰੀਜਨਲ ਕਾਉਂਸਲਰ, ਸਿਟੀ ਕਾਉਨਸਲਰ, ਐਮ ਪੀ ਪੀ, ਅਤੇ ਐਮ ਪੀ ਫੋਟੋਆਂ ਖਿਚਵਾ ਚੁੱਕੇ ਹਨ। ਕੀ ਇਹਨਾਂ ਵਿੱਚੋਂ ਕਿਸੇ ਦੀ ਹਿੰਮਤ ਨਹੀਂ ਪਈ ਕਿ ਉਹ ਟਰਾਂਸਪੋਰਟੇਸ਼ਨ ਮੰਤਰਾਲੇ ਨੂੰ ਪੱਤਰ ਲਿਖ ਕੇ, ਸਬੰਧਿਤ ਮੰਤਰੀਆਂ ਨਾਲ ਮੁਲਾਕਾਤ ਕਰਕੇ ਪੱਕਾ ਸਮਾਧਾਨ ਕੱਢਣ ਲਈ ਉੱਦਮ ਕਰਨ? ਕੀ ਲੇਬਰ ਮੰਤਰਾਲੇ ਕੋਲ ਇੰਪਲਾਇਮੈਂਟ ਸਟੈਂਡਰਡ ਐਕਟ ਦੀ ਹੋ ਰਹੀ ਉਲੰਘਣਾ ਦੀ ਗੱਲ ਕਰਨੀ ਨਹੀਂ ਬਣਦੀ ਜਾਂ ਸਿਟੀ ਪੱਧਰ ਉੱਤੇ ਬਿਜਸਨ ਇਨਫੋਰਸਮੈਂਟ ਵਿਭਾਗ ਨੂੰ ਚੈੱਕ ਕਰਨ ਲਈ ਹਦਾਇਤਾਂ ਨਹੀਂ ਦਿੱਤੀਆਂ ਜਾਣੀਆਂ ਚਾਹੀਦੀਆਂ?

ਵੋਟਾਂ ਰਾਹੀਂ ਚੁਣੇ ਹੋਏ ਇਹ ਉਹੀ ਮਿਉਂਸੀਪਲ, ਪ੍ਰੋਵਿੰਸ਼ੀਅਲ ਅਤੇ ਫੈਡਰਲ ਨੁਮਾਇੰਦੇ ਹਨ ਜੋ ਚੰਦ ਕੁ ਦਿਨ ਪਹਿਲਾਂ ਹੋਈਆਂ ਮਿਉਂਸੀਪਲ ਚੋਣਾਂ ਦੌਰਾਨ ਅਸਮਾਨੋਂ ਤਾਰੇ ਤੋੜ ਕੇ ਲਿਆਉਣ ਦੇ ਵਾਅਦੇ ਕਰਦੇ ਨਹੀਂ ਸਨ ਥੱਕਦੇ। ਕੀ ਇਹਨਾਂ ਨੁਮਾਇੰਦਿਆਂ ਲਈ ਕੰਪਨੀ ਦੀ ਉੱਚ ਮੈਨੇਜਮੈਂਟ ਨਾਲ ਗੱਲ ਕਰਨੀ ਔਖੀ ਗੱਲ ਹੈ? ਇਹ ਨੁਮਾਇੰਦੇ ਇਹ ਜਾਣਦੇ ਹੋਏ ਵੀ ਚੁੱਪ ਹਨ ਕਿ ਸੀ ਐਨ ਟੀ ਐਲ ਵਿੱਚ ਲੋਕਾਂ ਦੇ ਵਿੱਤੀ ਸੋਸ਼ਣ ਕੀਤੇ ਜਾਣ ਦੀਆਂ ਖਬਰਾਂ ਵੀ ਚਰਚਾ ਵਿੱਚ ਹਨ।

ਲੇਬਰ ਯੂਨੀਅਨ ਯੂਨੀਫੋਰ 4000 ਕੈਨੇਡਾ ਦਾ ‘ਸੀ ਐਨ ਟੀ ਐਲ’ ਦਰਮਿਆਨ 1 ਜਨਵਰੀ 2015 ਤੋਂ 31 ਮਾਰਚ 2019 ਤੱਕ ਹੋਏ ਐਗਰੀਮੈਂਟ ਵਿੱਚ ਸਪੱਸ਼ਟ ਦਰਜ਼ ਹੈ ਕਿ ਕੰਪਨੀ ਨਾਲ ਗੱਲਬਾਤ ਕਰਨ ਦਾ ਹੱਕ ਸਿਰਫ਼ ਅਤੇ ਸਿਰਫ਼ ‘ਯੂਨੀਫੋਰ’ ਨੂੰ ਹੈ। ਸਮਝੌਤੇ ਦੇ ਸੈਕਸ਼ਨ 1.6 (a) ਅਤੇ (b) ਸਪੱਸ਼ਟ ਦੱਸਦੇ ਹਨ ਕਿ ਕਿਸੇ ਓਨਰ ਅਪਰੇਟਰ ਨਾਲ ਰੇਸ, ਰੰਗ, ਕੌਮੀਅਤ ਜਾਂ ਐਥਨਿਕ ਮੂਲ ਦੇ ਅਧਾਰ ਉੱਤੇ ਵਿਤਕਰਾ ਅਤੇ ਧੱਕਾ ਨਹੀਂ ਕੀਤਾ ਜਾ ਸਕਦਾ ਅਤੇ ਅਜਿਹਾ ਹੋਣ ਦੀ ਸੂਰਤ ਵਿੱਚ ਕੈਨੇਡਾ ਹਿਊਮਨ ਰਾਈਟਸ ਐਕਟ ਦੀ ਪ੍ਰੀਭਾਸ਼ਾ ਨੂੰ ਮੰਨਿਆ ਜਾਵੇਗਾ। ਜਿਸ ਵਰਕਫੋਰਸ ਦਾ 75% ਦੇ ਕਰੀਬ ਹਿੱਸਾ ਇੰਮੀਗਰਾਂਟ, ਭੂਰੇ ਰੰਗ ਵਾਲੇ ਭਾਰਤੀ ਮੂਲ ਦੇ ਕੈਨੇਡੀਅਨ ਹੋਣ, ਉਹਨਾਂ ਨਾਲ ਹੋ ਰਿਹਾ ਧੱਕਾ ਹਰ ਪਾਸੇ ਤੋਂ ਮਨੁੱਖੀ ਅਧਿਕਾਰਾਂ ਦੀ ਸਾਫ਼ ਮਿਸਾਲ ਬਣਦੀ ਹੈ। ਕੀ ਕੰਪਨੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਕੇਸ ਕੀਤੇ ਜਾਣ ਦੀ ਉਡੀਕ ਕਰ ਰਹੀ ਹੈ ਜਿੱਥੇ ਉਸਦਾ ਹਾਰਨਾ ਲੱਗਭੱਗ ਨਿਸਚਿਤ ਹੋਵੇਗਾ?

ਆਖਦੇ ਹਨ ਕਿ ਜਦੋਂ ਚਾਰੇ ਪਾਸੇ ਹਨੇਰਾ ਛਾ ਜਾਵੇ ਤਾਂ ਰੱਬ ਕਿਧਰੋਂ ਚੰਗੇ ਚਾਨਣ ਦੀ ਕਿਰਣ ਲਿਆ ਸੁੱਟਦਾ ਹੈ। ਲੀਗਲ ਇਨਫਰਮੇਸ਼ਨ ਪਿਕਟਿੰਗ ਨੂੰ ਲੀਡਰਸ਼ਿੱਪ ਦੇ ਰਹੇ ਪੰਜਾਬੀ ਓਨਰ ਅਪਰੇਟਰ ਕਿਰਨਦੀਪ ਗਿੱਲ ਦਾ ਆਖਣਾ ਹੈ ਕਿ ਕੰਪਨੀ ਵਿੱਚ ਪੈਦਾ ਹੋਏ ਮਾੜੇ ਹਾਲਾਤਾਂ ਨੇ ਮੁਲਾਜ਼ਮਾਂ ਅਤੇ ਓਨਰ ਅਪਰੇਟਰਾਂ ਵਿੱਚ ਏਕੇ ਦੀ ਭਾਵਨਾ ਨੂੰ ਪੈਦਾ ਕੀਤਾ ਹੈ। ਵੱਖੋ ਵੱਖਰੇ ਲੋਕਾਂ ਨਾਲ ਗੱਲ ਕਰਕੇ ਪੰਜਾਬੀ ਪੋਸਟ ਦਾ ਇਹ ਪ੍ਰਭਾਵ ਬਣਿਆ ਹੈ ਕਿ ਬਹੁ ਗਿਣਤੀ ਮੁਲਾਜ਼ਮ ਅਤੇ ਓਨਰ ਅਪਰੇਟਰ ਇਸ ਜਾਣਕਾਰੀ ਦੀ ਮੁਹਿੰਮ ਨੂੰ ਸਹਿਯੋਗ ਦੇ ਰਹੇ ਹਨ? ਕੀ ਐਨਾ ਵੱਡਾ ਰੋਸਾ ‘ਸੀ ਐਨ ਟੀ ਐਲ’ ਦੀਆਂ ਅੱਖਾਂ ਖੋਲਣ ਲਈ ਕਾਫੀ ਨਹੀਂ ਹੈ?

# ਪ੍ਰੀਮੀਅਰ ਬਣਨ ਤੋਂ ਚਾਰ ਮਹੀਨੇ ਬਾਅਦ ਹੀ ਫੋਰਡ ਨੇ ਕੈਬਨਿਟ ਵਿੱਚ ਕੀਤੀ ਫੇਰਬਦਲ



ਓਨਟਾਰੀਓ, 5 ਨਵੰਬਰ (ਪੋਸਟ ਬਿਊਰੋ) : ਆਫਿਸ ਵਿੱਚ ਚਾਰ ਮਹੀਨੇ ਬਿਤਾਉਣ ਤੋਂ ਬਾਅਦ ਹੀ ਪ੍ਰੀਮੀਅਰ ਡੱਗ ਫੋਰਡ ਨੇ ਰੀਸੈੱਟ ਵਾਲਾ ਬਟਨ ਨੱਪ ਦਿੱਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਫੋਰਡ ਨੇ ਆਪਣੇ ਮੰਤਰੀ ਮੰਡਲ ਵਿੱਚ ਫੇਰਬਦਲ ਕਰਦਿਆਂ ਮਾੜੀ ਕਾਰਗੁਜ਼ਾਰੀ ਵਾਲੇ ਕੁੱਝ ਮੰਤਰੀਆਂ ਨੂੰ ਡੀਮੋਟ ਕੀਤਾ ਹੈ ਤੇ ਕਈ ਨਵੇਂ ਮੰਤਰੀਆਂ ਨੂੰ ਵੀ ਮੌਕਾ ਦਿੱਤਾ ਜਾ ਰਿਹਾ ਹੈ। ਸੋਮਵਾਰ ਨੂੰ ਫੋਰਡ ਨੇ ਆਖਿਆ ਕਿ ਅਸੀਂ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਤੇ ਆਪਣੇ ਕੈਬਨਿਟ ਦੇ ਮਿਆਰ ਵਿੱਚ ਸੁਧਾਰ ਕਰਨ ਲਈ ਮੰਤਰੀ ਮੰਡਲ ਵਿੱਚ ਫੇਰਬਦਲ ਕਰ ਰਹੇ ਹਾਂ।

ਕੁਈਨਜ਼ ਪਾਰਕ ਵਿਖੇ ਸੰਹੁ ਚੁੱਕ ਸਮਾਗਮ ਦੌਰਾਨ ਲੈਫਟੀਨੈਂਟ ਗਵਰਨਰ ਐਲਿਜ਼ਾਬੈੱਥ ਡਾਊਡਜ਼ਵੈੱਲ ਨਾਲ ਮੁਲਾਕਾਤ ਤੋਂ ਬਾਅਦ ਫੋਰਡ ਨੇ ਆਖਿਆ ਕਿ ਸਿਆਸਤ ਵਿੱਚ ਸਾਡੇ ਕੋਲ ਇਸ ਸਮੇਂ ਬਿਹਤਰੀਨ ਟੀਮ ਹੈ ਤੇ ਅਜਿਹੀ ਕਾਰਗਰ ਯੋਜਨਾ ਵੀ ਹੈ ਜਿਹੜੀ ਕੰਮ ਕਰ ਰਹੀ ਹੈ। ਫੋਰਡ ਨੇ ਅੱਗੇ ਆਖਿਆ ਕਿ ਉਨ੍ਹਾਂ ਨੂੰ ਸ਼ੁੱਕਰਵਾਰ ਨੂੰ ਉਸ ਸਮੇਂ ਹੈਰਾਨੀ ਹੋਈ ਜਦੋਂ ਇਕਨੌਮਿਕ ਡਿਵੈਲਪਮੈਂਟ, ਜੌਬ ਕ੍ਰਿਏਸ਼ਨ ਐਂਡ ਟਰੇਡ ਮੰਤਰੀ ਜਿੰਮ ਵਿਲਸਨ ਨੇ ਅਸਤੀਫਾ ਦੇ ਦਿੱਤਾ।

ਜ਼ਿਕਰਯੋਗ ਹੈ ਕਿ ਫੋਰਡ ਵੱਲੋਂ ਸਾਰਨੀਆ ਵਿੱਚ ਇਹ ਬਿਆਨ ਦਿੱਤੇ ਜਾਣ ਕਿ ਵਿਲਸਨ ਹਰ ਫਨ ਮੌਲਾ ਮੰਤਰੀ ਹਨ, ਤੋਂ ਚੰਦ ਘੰਟੇ ਬਾਅਦ ਹੀ ਸਿਮਕੋਏ-ਗ੍ਰੇਅ ਤੋਂ ਐਮਪੀਪੀ ਨੇ ਆਪਣੀ ਸ਼ਰਾਬ ਦੀ ਲਤ ਨਾਲ ਸਿੱਝਣ ਲਈ ਕੈਬਨਿਟ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ। ਇੱਥੇ ਹੀ ਬੱਸ ਨਹੀਂ ਉਨ੍ਹਾਂ ਅਸਪਸ਼ਟ ਕਾਰਨਾਂ ਕਰਕੇ ਪ੍ਰੋਗਰੈਸਿਵ ਕੰਜ਼ਰਵੇਟਿਵ ਕਾਕਸ ਵੀ ਛੱਡ ਦਿੱਤਾ। ਸਰਕਾਰ ਦੇ ਹਾਊਸ ਲੀਡਰ ਟੌਡ ਸਮਿੱਥ ਨੂੰ ਹੁਣ ਇਕਨਾਮਿਕ ਡਿਵੈਲਪਮੈਂਟ ਮੰਤਰੀ ਬਣਾਇਆ ਗਿਆ ਹੈ।

129 ਦਿਨਾਂ ਤੱਕ ਕਮਿਊਨਿਟੀ ਸੇਫਟੀ ਐਂਡ ਕੋਰੈਕਸ਼ਨਲ ਸਰਵਿਸਿਜ਼ ਵਿੱਚ ਕੋਈ ਮਾਅਰਕਾ ਨਾ ਮਾਰ ਸਕਣ ਵਾਲੇ ਮਾਈਕਲ ਟਿਬੋਲੋ ਨੂੰ ਡੀਮੋਟ ਕਰਕੇ ਟੂਰਿਜ਼ਮ, ਕਲਚਰ ਐਂਡ ਸਪੋਰਟ ਮੰਤਰਾਲਾ ਸੌਂਪਿਆ ਗਿਆ ਹੈ। ਡਫਰਿਨ-ਕੇਲਡਨ ਤੋਂ ਐਮਪੀਪੀ ਸਿਲਵੀਆ ਜੋਨਜ਼ ਕਮਿਊਨਿਟੀ ਸੇਫਟੀ ਐਂਡ ਕੋਰੈਕਸ਼ਨਲ ਸਰਵਿਸਿਜ਼ ਮੰਤਰੀ ਹੋਣਗੇ। ਉਨ੍ਹਾਂ ਕੋਲ ਪਹਿਲਾਂ ਟੂਰਿਜ਼ਮ, ਕਲਚਰ ਐਂਡ ਸਪੋਰਟ ਮੰਤਰਾਲਾ ਸੀ। ਜੌਹਨ ਯਾਕਾਬੁਸਕੀ ਤੋਂ ਟਰਾਂਸਪੋਰਟੇਸ਼ਨ ਮੰਤਰਾਲਾ ਲੈ ਕੇ ਜੈੱਫ ਯੂਰੇਕ ਨੂੰ ਦੇ ਦਿੱਤਾ ਗਿਆ ਹੈ। ਯਾਕਾਬੁਸਕੀ ਹੁਣ ਨੈਚੂਰਲ ਰਿਸੋਰਸਿਜ਼ ਐਂਡ ਫੌਰੈਸਟਰੀ ਮੰਤਰਾਲਾ ਸਾਂਭਣਗੇ।

ਬਿੱਲ ਵਾਕਰ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕਰਕੇ ਗਵਰਮੈਂਟ ਐਂਡ ਕੰਜ਼ਿਊਮਰ ਸਰਵਿਸਿਜ਼ ਮੰਤਰਾਲਾ ਸੌਂਪਿਆ ਗਿਆ ਹੈ। ਵਾਕਰ ਦੀ ਚੀਫ ਗਵਰਮੈਂਟ ਵ੍ਹਿਪ ਵਾਲੀ ਭੂਮਿਕਾ ਹੁਣ ਵ੍ਹਿਟਬੀ ਤੋਂ ਐਮਪੀਪੀ ਲੌਰਨੇ ਕੋਏ ਨਿਭਾਉਣਗੇ ਤੇ ਡਿਪਟੀ ਵ੍ਹਿਪ ਡੱਗ ਡਾਊਨੀ ਹੋਣਗੇ। ਵਿਲਸਨ ਦਾ ਅਸਤੀਫਾ ਫੋਰਡ ਸਰਕਾਰ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। 28 ਸਾਲਾ ਵਿਲਸਨ ਅਜਿਹੇ ਮੰਤਰੀ ਸਨ ਜਿਨ੍ਹਾਂ ਨੂੰ ਖੇਤੀਬਾੜੀ ਮੰਤਰੀ ਅਰਨੀ ਹਾਰਡਮੈਨ ਤੇ ਊਰਜਾ ਮੰਤਰੀ ਗ੍ਰੈੱਗ ਰਿੱਕਫੋਰਡ ਵਾਂਗ ਪਹਿਲਾਂ ਤੋਂ ਕੈਬਨਿਟ ਦਾ ਤਜਰਬਾ ਸੀ।

ਪ੍ਰੀਮੀਅਰ ਦੇ ਅੰਦਰੂਨੀ ਦਾਇਰੇ ਵਿੱਚੋਂ ਐਂਡਰਿਊ ਕਿੰਬਰ, ਜੋ ਕਿ ਇਸ਼ੂਜ਼ ਮੈਨੇਜਮੈਂਟ ਐਂਡ ਲੈਜਿਸਲੇਟਿਵ ਅਫੇਅਰਜ਼ ਦੇ ਐਗਜ਼ੈਕਟਿਵ ਡਾਇਰੈਕਟਰ ਸਨ, ਵੀ ਪਾਸੇ ਹੋ ਗਏ ਹਨ। ਕਿੰਬਰ ਦੀ ਪਤਨੀ ਅਮਾਂਡਾ ਫਿਲਪ ਵਿਲਸਨ ਦੀ ਚੀਫ ਆਫ ਸਟਾਫ ਸੀ। ਕਿੰਬਰ ਨੇ ਪ੍ਰਾਈਵੇਟ ਸੈਕਟਰ ਦੀ ਜੌਬ ਲਈ ਆਪਣਾ ਇਹ ਸਰਕਾਰੀ ਅਹੁਦਾ ਛੱਡਿਆ ਹੈ।

# ਪਹਿਲੀ ਵਿਸ਼ਵ ਜੰਗ ਵਿੱਚ ਸਿੱਖਾਂ ਵੱਲੋਂ ਪਾਏ ਯੋਗਦਾਨ ਸਬੰਧੀ ਵਿਸ਼ੇਸ਼ ਪ੍ਰਦਰਸ਼ਨੀ 11 ਨੂੰ

ਇਸ ਸਾਲ ਪਹਿਲੀ ਵਿਸ਼ਵ ਜੰਗ ਖਤਮ ਹੋਣ ਦੇ 100 ਸਾਲ ਪੂਰੇ ਹੋਣ ਜਾ ਰਹੇ ਹਨ। ਇਸ ਦੌਰਾਨ ਸਿੱਖ ਭਾਈਚਾਰੇ ਵੱਲੋਂ ਵਿਸ਼ਵ ਦੇ ਇਤਿਹਾਸ ਵਿੱਚ ਪਾਏ ਗਏ ਯੋਗਦਾਨ ਦੀ ਅਹਿਮੀਅਤ ਸਾਹਮਣੇ ਲਿਆਉਣਾ ਵੀ ਮਹੱਤਵਪੂਰਨ ਹੈ।

ਫਲੈਂਡਰਜ਼, ਸੋਮੇ ਤੇ ਗੈਲੀਪੋਲੀ ਦੇ ਖੂਨ ਨਾਲ ਭਰੇ ਰਸਤਿਆਂ ਤੋਂ ਲੈ ਕੇ ਮਾਰੂਥਲਾਂ ਅਤੇ ਅਫਰੀਕਾ ਤੇ ਮੱਧ ਪੂਰਬ ਦੀ ਗਰਮੀ ਵਿੱਚ ਹਜ਼ਾਰਾਂ ਸਿੱਖਾਂ ਨੇ ਪਹਿਲੀ ਵਿਸ਼ਵ ਜੰਗ ਵਿੱਚ ਹਿੱਸਾ ਲਿਆ ਤੇ 1914 ਤੋਂ 1918 ਤੱਕ ਚੱਲੀ ਪਹਿਲੀ ਵਿਸ਼ਵ ਜੰਗ ਵਿੱਚ ਆਪਣੇ ਯੂਰਪੀਅਨ, ਕੈਨੇਡੀਅਨ, ਆਸਟਰੇਲੀਆਈ ਤੇ ਹੋਰਨਾਂ ਹਮਰੁਤਬਾ ਸਾਥੀਆਂ ਨਾਲ ਸ਼ਹਾਦਤ ਦਾ ਜਾਮ ਪੀਤਾ।

ਹੁਣ ਜਦੋਂ ਪਹਿਲੀ ਵਿਸ਼ਵ ਜੰਗ ਦੇ 100 ਸਾਲ ਪੂਰੇ ਹੋਣ ਜਾ ਰਹੇ ਹਨ ਤਾਂ ਅਜਿਹੇ ਵਿੱਚ ਵਿਕਟਰੀ ਐਂਡ ਵੇਲਰ : ਦ ਸਿੱਖਜ਼ ਇਨ ਵਰਲਡ ਵਾਰ 1, ਇਸ ਜੰਗ ਵਿੱਚ ਸਿੱਖਾਂ ਵੱਲੋਂ ਪਾਏ ਅਹਿਮ ਪਰ ਭੁਲਾਏ ਜਾ ਚੁੱਕੇ ਯੋਗਦਾਨ ਤੇ ਸਿੱਖ ਸੈਨਿਕਾਂ ਦੇ ਤਜਰਬਿਆਂ ਨੂੰ ਸਾਂਝਾ ਕਰਨ ਦਾ ਉਪਰਾਲਾ ਹੈ। ਪੱਛਮੀ ਫਰੰਟ ਉੱਤੇ ਆਪਣੇ ਭਾਈਵਾਲਾਂ ਨੂੰ ਹਾਰ ਤੋਂ ਬਚਾਉਣ ਲਈ ਸਿੱਖਾਂ ਨੇ ਆਪਣੇ ਭਾਰਤੀ ਭਰਾਵਾਂ ਨਾਲ ਰਲ ਕੇ ਪਹਿਲੀ ਵਿਸ਼ਵ ਜੰਗ ਦੇ ਸ਼ੁਰੂਆਤੀ ਮਹੀਨਿਆਂ ਵਿੱਚ ਲੰਮਾਂ ਸਮਾਂ ਲੜਾਈ ਲੜੀ।

ਦੁਸ਼ਮਣੀ ਤੇ ਰੌਲਾ ਗੌਲਾ ਮੁੱਕਣ ਤੋਂ ਬਾਅਦ ਸਿੱਖ ਜੰਗਜੂਆਂ ਨੂੰ ਯੂਰਪ ਤੇ ਕਈ ਭੁੱਲੇ ਵਿੱਸਰੇ ਮੁਹਾਜਾਂ ਉੱਤੇ ਸਰਗਰਮ ਭੂਮਿਕਾ ਵੀ ਨਿਭਾਉਣੀ ਪਈ। ਮੈਸੋਪੋਟਾਮੀਆ, ਤੁਰਕੀ, ਮਿਸਰ, ਫਲਸਤੀਨ, ਜਰਮਨ ਈਸਟ ਅਫਰੀਕਾ, ਰੂਸ ਤੇ ਚੀਨ ਵਿੱਚ ਸਿੱਖਾਂ ਨੂੰ ਵੱਖਰੀ ਪਛਾਣ ਮਿਲੀ ਤੇ ਪੂਰੀ ਦੁਨੀਆ ਵਿੱਚ ਨਿਡਰ ਯੋਧਿਆਂ ਵਜੋਂ ਸਿੱਖਾਂ ਦਾ ਨਾਂ ਹੋਇਆ।

ਵਿਕਟਰੀ ਐਂਡ ਵੇਲਰ ਪ੍ਰਦਰਸ਼ਨੀ 11 ਨਵੰਬਰ, 2018 ਨੂੰ ਸਿੱਖ ਹੈਰੀਟੇਜ ਮਿਊਜ਼ੀਅਮ ਆਫ ਕੈਨੇਡਾ ਵਿਖੇ ਲਾਈ ਜਾ ਰਹੀ ਹੈ। ਇਸ ਵਿੱਚ ਦਰਸਾਇਆ ਜਾਵੇਗਾ ਕਿ ਕਿਸ ਤਰ੍ਹਾਂ ਕਈ ਸਟਰੀਟਜ਼ ਦੇ ਨਾਂ ਤੇ ਮਾਲਟਨ ਦੇ ਏਅਰਪੋਰਟ ਦਾ ਸਿੱਖਾਂ ਤੇ ਪਹਿਲੀ ਵਿਸ਼ਵ ਜੰਗ ਨਾਲ ਕੀ ਸਬੰਧ ਹੈ। ਇਹ ਪ੍ਰਦਰਸ਼ਨੀ ਬਿਲਕੁਲ ਮੁਫਤ ਹੋਵੇਗੀ। ਸਾਰਿਆਂ ਨੂੰ ਇਸ ਪ੍ਰਦਰਸ਼ਨੀ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ ਜਾਂਦਾ ਹੈ।

## ਅੱਜ ਨਾਮਾ

ਵਧਦਾ ਜਾਏ ਪਰਦੂਸ਼ਣ ਤਾਂ ਫਿਕਰ ਹੈਨਾ,
ਕੰਮ-ਕਾਰ ਕੋਈ ਲੋਕ ਨਹੀਂ ਛੋੜ ਸਕਦੇ।
ਰੁੱਖਾਂ ਨਾਲ ਕੋਈ ਲੱਗਣ ਨਹੀਂ ਨੋਟ ਲੱਗੇ,
ਸੁਫਨੇ ਵਿੱਚ ਤਾਂ ਨੋਟ ਨਹੀਂ ਤੋੜ ਸਕਦੇ।
ਰੋਟੀ ਮੰਗਣ ਜਵਾਕ, ਫਿਰ ਮਾਈ-ਬਾਪੂ,
ਗੱਡੀ ਗ੍ਰਿਸਤ ਦੀ ਇੰਜ ਨਾ ਰੋੜ੍ਹ ਸਕਦੇ।
ਧੁੰਦ ਪੈਂਦੀ ਤਾਂ ਪਵੇ, ਪਰ ਕਦਮ ਆਪਣੇ,
ਵਾਪਸ ਘਰ ਦੇ ਵੰਨੀਂ ਨਹੀਂ ਮੋੜ ਸਕਦੇ।
ਕਰਦੀ ਬੇਸ਼ੱਕ ਅਲਰਟ ਸਰਕਾਰ ਜਾਰੀ,
ਭੁੱਖੇ ਢਿੱਡਾਂ ਦੀ ਚਿੰਤਾ ਚਿਤਾਰਦੀ ਨਹੀਂ।
ਧੁੰਦ ਵੇਖ ਕੇ ਰਹਿਣ ਨੂੰ ਘਰੀਂ ਕਹਿੰਦੀ,
ਪੱਕਾ ਹੱਲ ਕੋਈ ਕਦੇ ਵਿਚਾਰਦੀ ਨਹੀਂ।

**ਤੀਸ ਮਾਰ ਖਾਂ**

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
○ Automatic & Manual Trucks
• 1 on 1 Training
○ Forklift Training
Forklift $79 Recertification
Counterbalance
Reach Truck
“We Provide Training For Forklift & Trucks”
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

ShergGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਭਾਰਤ ਦੀ ਆਪੇ ਬਣਾਈ ਪਣਡੁੱਬੀ ਅਰਿਹੰਤ ਦੀ ਸਫਲਤਾ ਦੁਸ਼ਮਣਾਂ ਨੂੰ ਖੁੱਲ੍ਹੀ ਚੁਣੌਤੀ : ਮੋਦੀ



ਨਵੀਂ ਦਿੱਲੀ, 5 ਨਵੰਬਰ, (ਪੋਸਟ ਬਿਊਰੋ)- ਭਾਰਤ ਵੱਲੋਂ ਆਪਣੇ ਦੇਸ਼ ਵਿੱਚ ਬਣਾਈ ਪਹਿਲੀ ਦੇਸੀ ਐਟਮੀ ਪਣਡੁੱਬੀ ਆਈ ਏ ਐਨ ਐਸ ਅਰਿਹੰਤ ਨੇ ਆਪਣੀ ਪਹਿਲੀ ਪੈਟਰੋਲਿੰਗ ਸਫਲਤਾ ਨਾਲ ਪੂਰੀ ਕਰ ਕੇ ਰੱਖਿਆ ਖੇਤਰ ਵਿੱਚ ਇੱਕ ਇਤਿਹਾਸਕ ਸਫ਼ਲਤਾ ਦਰਜ ਕੀਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਨੂੰ ਵੱਡੀ ਸਫਲਤਾ ਕਿਹਾ ਹੈ। ਉਨ੍ਹਾਂ ਨੇ ਸਟ੍ਰੈਟਿਜਕ ਸਟ੍ਰਾਈਕ ਸਬਮੈਰੀਨ ਅਰਿਹੰਤ (ਐਸ ਐਸ ਬੀ ਐਨ) ਵਿੱਚ ਪਹਿਲੀ ਗਸ਼ਤ ਲਾ ਕੇ ਮੁੜਨ ਵਾਲੇ ਚਾਲਕ ਦਲ ਦੇ ਮੈਂਬਰਾਂ ਦਾ ਸਵਾਗਤ ਕੀਤਾ ਤੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਦੇਸ਼ ਦੀ ਸੁਰੱਖਿਆ ਲਈ ਬਹੁਤ ਵੱਡਾ ਕਦਮ ਪੁੱਟਿਆ ਗਿਆ ਹੈ ਅਤੇ ਇਹ ਭਾਰਤ ਅਤੇ ਸ਼ਾਂਤੀ ਦੇ ਦੁਸ਼ਮਣਾਂ ਲਈ ਖੁੱਲ੍ਹੀ ਚਿਤਾਵਨੀ ਹੈ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਦੀ ਨਵੀਂ ਸਮਰੱਥਾ ਉਨ੍ਹਾਂ ਲੋਕਾਂ ਨੂੰ ਜਵਾਬ ਹੈ, ਜੋ ਭਾਰਤ ਨੂੰ ਐਟਮੀ ਹਮਲੇ ਦੀ ਧਮਕੀ ਦੇ ਕੇ ਬਲੈਕਮੇਲ ਕਰਦੇ ਹਨ। ਅਰਿਹੰਤ ਦੀ ਸਫ਼ਲਤਾ ਨੇ ਭਾਰਤ ਦੀਆਂ ਸੁਰੱਖਿਆ ਲੋੜਾਂ ਦੀ ਪੂਰਤੀ ਦਾ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਰਿਹੰਤ ਦੀ ਸਫਲਤਾ ਨਾਲ ਭਾਰਤ ਜ਼ਮੀਨ, ਹਵਾ ਅਤੇ ਸਮੁੰਦਰ ਵਿਚੋਂ ਐਟਮੀ ਹਥਿਆਰ ਚਲਾਉਣ ਦੇ ਸਮਰੱਥ ਹੋ ਗਿਆ ਹੈ। ਮੋਦੀ ਨੇ ਕਿਹਾ ਕਿ ਇਸ ਵਾਰ ਦਾ ਧਨ-ਤੇਰਸ ਖਾਸ ਹੈ ਅਤੇ ਦੀਵਾਲੀ ਉੱਤੇ ਇਹ ਪ੍ਰਾਪਤੀ ਦੇਸ਼ ਦੇ ਲੋਕਾਂ ਲਈ ਬਹੁਮੱਲਾ ਤੋਹਫ਼ਾ ਹੈ। ਉਨ੍ਹਾਂ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਹੈ ਕਿਉਂਕਿ ਭਾਰਤ ਦਾ ਐਟਮੀ ਤਿਕੋਣ ਪੂਰਾ ਹੋ ਗਿਆ ਹੈ। ਅੱਗੇ ਤੋਂ ਭਾਰਤ ਨੂੰ ਏਦਾਂ ਦੀ ਪਣਡੁੱਬੀ ਦਾ ਡਿਜ਼ਾਈਨ ਬਣਾਉਣ, ਉਸ ਦੇ ਨਿਰਮਾਣ ਤੇ ਚਲਾਉਣ ਦੀ ਤਾਕਤ ਮਿਲ ਗਈ ਹੈ ਤੇ ਇਸ ਨਾਲ ਉਹ ਦੁਨੀਆਂ ਦੇ ਚੋਣਵੇਂ ਦੇਸ਼ਾਂ ਵਿੱਚ ਸ਼ਾਮਲ ਹੋ ਗਿਆ ਹੈ। ਭਾਰਤ ਦਾ ਇਹ ਐਟਮੀ ਤਿਕੋਣ ਵਿਸ਼ਵ ਸ਼ਾਂਤੀ ਅਤੇ ਸਥਿਰਤਾ ਦਾ ਮਹੱਤਵ ਪੂਰਨ ਥੰਮ੍ਹ ਹੋਵੇਗਾ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤੀ ਵਿਗਿਆਨੀਆਂ ਨੇ ਐਟਮੀ ਤਜਰਬਿਆਂ ਦੀ ਪ੍ਰਾਪਤੀ ਨੂੰ ਵਿਸ਼ਵਾਸ ਤੋਂ ਬਾਹਰੀ ਐਟਮੀ ਤਿਕੋਣ ਵਿੱਚ ਬਦਲਣ ਦਾ ਬਹੁਤ ਮੁਸ਼ਕਲ ਕੰਮ ਕੀਤਾ ਹੈ। ਇਹ ਉਨ੍ਹਾਂ ਦੀ ਪ੍ਰਤਿਭਾ, ਕੋਸ਼ਿਸ਼ਾਂ ਤੇ ਸਾਡੇ ਬਹਾਦਰ ਫੌਜੀਆਂ ਦੀ ਹਿੰਮਤ ਤੇ ਸਮੱਰਪਣ ਨਾਲ ਹੋ ਸਕਿਆ ਹੈ। ਮੋਦੀ ਨੇ ਕਿਹਾ ਕਿ ਇਕ ਜ਼ਿੰਮੇਵਾਰ ਦੇਸ਼ ਵਜੋਂ ਭਾਰਤ ਨੇ ਐਟਮੀ ਕੰਟਰੋਲ ਅਥਾਰਟੀ ਹੇਠ ਪ੍ਰਭਾਵਸ਼ਾਲੀ ਸੁਰੱਖਿਆ ਪ੍ਰਬੰਧ ਤੇ ਪੂਰੀ ਤਰ੍ਹਾਂ ਰਾਜਸੀ ਕੰਟਰੋਲ ਹੇਠ ਮਜ਼ਬੂਤ ਐਟਮੀ ਕਮਾਨ ਤੇ ਕੰਟਰੋਲ ਢਾਂਚਾ ਬਣਾਇਆ ਹੈ। ਛੇ ਹਜ਼ਾਰ ਟਨ ਦੀ ਅਰਹਿੰਤ ਨੂੰ 'ਐਡਵਾਂਸਡ ਟੈਕਨਾਲੋਜੀ ਵੈਸਲ (ਏ ਟੀ ਵੀ) ਪ੍ਰਾਜੈਕਟ ਹੇਠ ਵਿਸ਼ਾਖਾਪਟਨਮ ਦੇ ਸ਼ਿਪ ਬਿਲਡਿੰਗ ਕੇਂਦਰ ਨੇ ਬਣਾਇਆ ਹੈ। ਉਸ ਵੇਲੇ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 26 ਜੁਲਾਈ 2009 ਨੂੰ ਇਸ ਦਾ ਉਦਘਾਟਨ ਕੀਤਾ ਸੀ ਤੇ ਸਮੁੰਦਰ ਵਿੱਚ ਕਈ ਟ੍ਰਾਇਲ ਕਰਨ ਤੋਂ ਬਾਅਦ ਅਗਸਤ 2016 ਵਿੱਚ ਪਣਡੁੱਬੀ ਨੂੰ ਜਲ ਸੈਨਾ ਵਿੱਚ ਸ਼ਾਮਲ ਕੀਤਾ ਗਿਆ ਸੀ।

# ਮਕਸੂਦਾਂ ਥਾਣੇ 'ਤੇ ਧਮਾਕੇ ਬਾਰੇ ਦੋ ਕਸ਼ਮੀਰੀ ਵਿਦਿਆਰਥੀ ਕਾਬੂ

ਜਲੰਧਰ, 5 ਨਵੰਬਰ, (ਪੋਸਟ ਬਿਊਰੋ)- ਇਸ ਮਹਾਨਗਰ ਦੇ ਮਕਸੂਦਾਂ ਥਾਣੇ ਦੇ ਬਾਹਰ ਚਾਰ ਹਲਕੇ ਬੰਬ ਧਮਾਕੇ ਕਰਨ ਵਾਲੇ ਚਾਰ ਕਸ਼ਮੀਰੀ ਨੌਜਵਾਨਾਂ ਵਿਚੋਂ ਜਲੰਧਰ ਕਮਿਸ਼ਨਰੇਟ ਦੀ ਪੁਲੀਸ ਨੇ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ, ਪਰ ਦੋ ਜਣੇ ਅਜੇ ਤੱਕ ਵੀ ਪੁਲੀਸ ਦੀ ਪਹੁੰਚ ਤੋਂ ਦੂਰ ਦੱਸੇ ਜਾ ਰਹੇ ਹਨ। ਫੜੇ ਗਏ ਕਸ਼ਮੀਰੀ ਵਿਦਿਆਰਥੀਆਂ ਨੂੰ 8 ਨਵੰਬਰ ਤੱਕ ਪੁਲੀਸ ਰਿਮਾਂਡ ਉੱਤੇ ਭੇਜ ਦਿੱਤਾ ਗਿਆ ਹੈ।



ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ।

ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ 14 ਸਤੰਬਰ ਨੂੰ ਰਾਤ ਪੌਣੇ ਅੱਠ ਵਜੇ ਦੇ ਕਰੀਬ ਮਕਸੂਦਾਂ ਥਾਣੇ ਉੱਤੇ ਚਾਰ ਹਲਕੇ ਧਮਾਕੇ ਵਾਲੇ ਹੈਂਡ ਗ੍ਰਨੇਡ ਸੁੱਟੇ ਗਏ ਸਨ। ਪੁਲੀਸ ਨੇ ਕੇਸ ਹੱਲ ਕਰ ਕੇ ਸੇਂਟ ਸੋਲਜਰ ਇੰਜਨੀਅਰਿੰਗ ਕਾਲਜ ਜਲੰਧਰ ਦੇ ਦੋ ਕਸ਼ਮੀਰੀ ਵਿਦਿਆਰਥੀਆਂ ਸ਼ਾਹਿਦ ਕਿਊਮ ਤੇ ਫਾਜ਼ਿਲ ਬਸ਼ੀਰ ਨੂੰ ਫੜਿਆ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰਦਾਤ ਦਾ ਮਾਸਟਰ ਮਾਈਂਡ ਜ਼ਾਕਿਰ ਰਸ਼ੀਦ ਭੱਟ ਉਰਫ ਜ਼ਾਕਿਰ ਮੂਸਾ ਦੱਸਿਆ ਜਾਂਦਾ ਹੈ। ਇਸ ਕੇਸ ਵਿਚ ਲੋੜੀਂਦੇ ਦੋ ਦੋਸ਼ੀ ਮੀਰ ਰੂਫ਼ ਅਹਿਮਦ ਉਰਫ ਰੂਫ਼ ਅਤੇ ਮੀਰ ਉਮਰ ਰਮਜ਼ਾਨ ਉਰਫ ਗਾਜੀ ਫ਼ਰਾਰ ਦੱਸੇ ਗਏ ਹਨ। ਪੁਲੀਸ ਦੇ ਮੁਤਾਬਕ ਕਸ਼ਮੀਰੀ ਵਿਦਿਆਰਥੀਆਂ ਦਾ ਸਬੰਧ ਅਨਸਾਰ ਗਜਾਵਤ ਉਲ ਹੱਕ ਨਾਂ ਦੀ ਕਸ਼ਮੀਰੀ ਜਥੇਬੰਦੀ ਨਾਲ ਹੈ, ਜਿਸ ਦਾ ਅੱਗੇ ਦਹਿਸ਼ਤਗਰਦ ਜਥੇਬੰਦੀ ਅਲ ਕਾਇਦਾ ਨਾਲ ਸਬੰਧ ਨਿਕਲਦਾ ਹੈ। ਦੋਵੇਂ ਕਸ਼ਮੀਰੀ ਵਿਦਿਆਰਥੀਆਂ ਵਿਚੋਂ ਸ਼ਾਹਿਦ ਕਿਊਮ 4 ਨਵੰਬਰ ਨੂੰ ਜਲੰਧਰ ਤੋਂ ਫੜਿਆ ਗਿਆ ਤੇ ਦੂਸਰੇ ਫਾਜ਼ਿਲ ਬਸ਼ੀਰ ਨੂੰ ਕਸ਼ਮੀਰ ਤੋਂ ਉਸ ਦੇ ਘਰੋਂ ਗ੍ਰਿਫਤਾਰ ਕੀਤਾ ਹੈ। ਜਲੰਧਰ ਤੋਂ ਫੜੇ ਕਸ਼ਮੀਰੀ ਵਿਦਿਆਰਥੀ ਵਿਰੁੱਧ ਥਾਣਾ ਡਿਵੀਜ਼ਨ ਨੰਬਰ ਇਕ ਵਿਚ ਵੱਖ ਵੱਖ ਧਾਰਾਵਾਂ ਦੇ ਨਾਲ ਧਮਾਕਾਖੇਜ਼ ਸਮੱਗਰੀ ਰੋਕੂ ਐਕਟ ਦੀ ਧਾਰਾ ਜੋੜੀ ਗਈ ਹੈ।

ਇਸ ਸੰਬੰਧ ਵਿੱਚ ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਚਾਰ ਜਣਿਆਂ ਨੇ ਮਕਸੂਦਾਂ ਥਾਣੇ ਅੱਗੇ ਗ੍ਰਨੇਡ ਸੁੱਟੇ ਸਨ। ਇਨ੍ਹਾਂ ਦਾ ਪਹਿਲਾ ਨਿਸ਼ਾਨਾ ਬਿਧੀਪੁਰ ਨੇੜਲੇ ਸੀ ਆਰ ਪੀ ਐਫ ਅਤੇ ਆਈ ਟੀ ਬੀ ਪੀ ਕੈਂਪਸ ਸਨ, ਪਰ ਪਿੱਛੋਂ ਇਨ੍ਹਾਂ ਨੇ ਇਰਾਦਾ ਬਦਲ ਕੇ ਮਕਸੂਦਾਂ ਥਾਣੇ ਵੱਲ ਮੂੰਹ ਕਰ ਲਿਆ। ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਵਾਰਦਾਤ ਕਰਨ ਲਈ ਰੂਫ ਅਤੇ ਗਾਜੀ 13 ਸਤੰਬਰ ਨੂੰ ਸ੍ਰੀਨਗਰ ਤੋਂ ਚੰਡੀਗੜ੍ਹ ਤੱਕ ਹਵਾਈ ਜਹਾਜ਼ ਰਾਹੀਂ ਆਏ ਸਨ। ਪੁਲੀਸ ਦੇ ਪ੍ਰੈਸ ਨੋਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਨ੍ਹਾਂ ਚਾਰਾਂ ਨੇ ਵਾਰਦਾਤ ਲਈ ਕਾਲੇ ਰੰਗ ਦਾ ਪਲਸਰ ਮੋਟਰਸਾਈਕਲ ਆਪਣੇ ਦੋਸਤ ਤੋਂ ਲਿਆ ਸੀ। ਘਟਨਾ ਦੇ ਦਿਨ 14 ਸਤੰਬਰ ਨੂੰ ਚਾਰੇ ਜਣੇ ਸਾਢੇ ਚਾਰ ਵਜੇ ਇਕੱਠੇ ਹੋਏ ਤੇ ਸਾਢੇ ਪੰਜ ਵਜੇ ਸ਼ਾਮ ਥਾਣੇ ਵੱਲ ਗਏ। ਸਾਢੇ ਸੱਤ ਵਜੇ ਤੋਂ ਪੌਣੇ ਅੱਠ ਦੇ ਵਿਚਕਾਰ ਉਨ੍ਹਾਂ ਨੇ ਚਾਰੇ ਗ੍ਰਨੇਡ ਥਾਣੇ ਵੱਲ ਸੁੱਟੇ ਅਤੇ ਉਥੋਂ ਤਿੰਨ ਜਣੇ ਡੀ ਏ ਵੀ ਕਾਲਜ ਅਤੇ ਪਟੇਲ ਚੌਂਕ ਤੋਂ ਹੁੰਦੇ ਹੋਏ ਜਲੰਧਰ ਬੱਸ ਸਟੈਂਡ ਪੁੱਜੇ ਅਤੇ ਸ਼ਾਹਿਦ ਜਲੰਧਰ ਬਾਈਪਾਸ ਵੱਲੋਂ ਹੁੰਦਾ ਹੋਇਆ ਬੱਸ ਅੱਡੇ ਪਹੁੰਚਿਆ। ਰੂਫ ਅਤੇ ਗਾਜੀ ਨੇ ਜੰਮੂ ਦੇ ਕਾਊਂਟਰ ਤੋਂ ਜੰਮੂ ਕਸ਼ਮੀਰ ਦੀ ਬੱਸ ਫੜੀ ਸੀ।

# ਓਕਵੁੱਡ ਨੇੜੇ ਚੱਲੀ ਗੋਲੀ, ਇੱਕ ਜ਼ਖ਼ਮੀ




ਟੋਰਾਂਟੋ, 5 ਨਵੰਬਰ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਓਕਵੁੱਡ ਨੇੜੇ ਚੱਲੀ ਗੋਲੀ ਮਗਰੋਂ ਇੱਕ 20 ਸਾਲਾ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਪੁਲਿਸ ਨੂੰ ਫੋਨ ਰਾਹੀਂ ਇਸ ਘਟਨਾ ਦੀ ਸੂਚਨਾ ਦਿੱਤੀ ਗਈ। 3:46 ਵਜੇ ਪੁਲਿਸ ਗਲੋਸੈਸਟਰ ਗ੍ਰੋਵ ਤੇ ਅਲਾਮੇਡਾ ਐਵਨਿਊ ਪਹੁੰਚੀ ਤੇ ਉਸ ਸਮੇਂ ਜ਼ਖ਼ਮੀ ਵਿਅਕਤੀ ਹੋਸ਼ ਵਿੱਚ ਸੀ ਤੇ ਸਾਹ ਲੈ ਰਿਹਾ ਸੀ। ਪੁਲਿਸ ਅਨੁਸਾਰ ਕਾਲੇ ਰੰਗ ਦੀ ਗੱਡੀ ਨੂੰ ਇਲਾਕੇ ਵਿੱਚੋਂ ਜਾਂਦਿਆਂ ਵੇਖਿਆ ਗਿਆ। ਉਸ ਵਿਅਕਤੀ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ।









# ਅਮਰੀਕਾ ਵੱਲੋਂ ਈਰਾਨ 'ਤੇ ਪਾਬੰਦੀਆਂ ਲਾਗੂ, ਭਾਰਤ ਸਮੇਤ ਅੱਠ ਦੇਸ਼ਾਂ ਨੂੰ ਛੋਟ



ਵਾਸ਼ਿੰਗਟਨ, 5 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਵੱਲੋਂ ਈਰਾਨ ਉੱਤੇ ਲਾਈਆਂ ਪਾਬੰਦੀਆਂ 5 ਨਵੰਬਰ ਤੋਂ ਲਾਗੂ ਹੋ ਗਈਆਂ ਹਨ, ਪਰ ਭਾਰਤ ਸਮੇਤ ਅੱਠ ਦੇਸ਼ਾਂ ਨੂੰ ਈਰਾਨ ਤੋਂ ਤੇਲ ਖਰੀਦਣ ਬਾਰੇ ਰਾਹਤ ਦਿੱਤੀ ਗਈ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਮਾਇਕ ਪੋਂਪੀਓ ਨੇ ਅੱਜ ਦੱਸਿਆ ਕਿ ਇਹ ਰਾਹਤ ਕੁਝ ਸਮੇਂ ਲਈ ਲਾਗੂ ਹੋਵੇਗੀ। ਵਰਨਣ ਯੋਗ ਹੈ ਕਿ ਈਰਾਨ ਦੀ ਬੈਂਕਿੰਗ, ਐਨਰਜੀ ਅਤੇ ਸ਼ਿਪਿੰਗ ਇੰਡਸਟਰੀ ਉੱਤੇ ਅਮਰੀਕਾ ਨੇ ਪਾਬੰਦੀਆਂ ਲਾਈਆਂ ਹਨ, ਜਿਨ੍ਹਾਂ ਵਿੱਚੋਂ ਅੱਠ ਦੇਸ਼ਾਂ ਨੂੰ ਇਨਾਂ ਪਾਬੰਦੀਆਂ ਤੋਂ ਛੋਟ ਦਿੱਤੀ ਗਈ ਹੈ, ਉਨ੍ਹਾਂ ਵਿੱਚ ਚੀਨ, ਭਾਰਤ, ਗ੍ਰੀਸ, ਇਟਲੀ, ਤਾਈਵਾਨ, ਜਾਪਾਨ, ਤੁਰਕੀ ਤੇ ਦੱਖਣੀ ਕੋਰੀਆ ਸ਼ਾਮਲ ਹਨ। ਵਿਦੇਸ਼ ਮੰਤਰੀ ਪੋਂਪੀਓ ਨੇ ਕਿਹਾ ਕਿ 20 ਦੇਸ਼ਾਂ ਨੇ ਪਹਿਲਾਂ ਹੀ ਈਰਾਨ ਤੋਂ ਤੇਲ ਖਰੀਦਣਾ ਛੱਡ ਦਿੱਤਾ ਤੇ ਈਰਾਨ ਦੀ ਤੇਲ ਸੇਲ 'ਚ 10 ਲੱਖ ਬੈਰਲ ਰੋਜ਼ ਦੀ ਘਟ ਗਈ ਹੈ। ਇਸ ਤੋਂ ਪਹਿਲਾਂ ਅਮਰੀਕਾ ਨੇ ਕਿਹਾ ਸੀ ਕਿ ਉਸ ਨੇ ਚੀਨ ਤੇ ਭਾਰਤ ਸਮੇਤ ਤੁਰਕੀ, ਇਰਾਕ, ਇਟਲੀ, ਜਾਪਾਨ ਤੇ ਦੱਖਣੀ ਕੋਰੀਆ ਨੂੰ ਕਿਹਾ ਹੈ ਕਿ ਉਹ ਜਿੰਨਾ ਜਲਦੀ ਹੋਵੇ, ਈਰਾਨ ਤੋਂ ਤੇਲ ਲੈਣਾ ਬੰਦ ਕਰ ਦੇਣ। ਮਾਇਕ ਪੋਂਪੀਓ ਤੋਂ ਜਦੋਂ ਪੁੱਛਿਆ ਗਿਆ ਕਿ ਕੀ ਭਾਰਤ ਤੇ ਚੀਨ ਨੇ ਅਮਰੀਕਾ ਨੂੰ ਭਰੋਸਾ ਦਿੱਤਾ ਹੈ ਕਿ ਛੇ ਮਹੀਨਿਆਂ ਵਿੱਚ ਈਰਾਨ ਤੋਂ ਤੇਲ ਲੈਣਾ ਬੰਦ ਕਰ ਦੇਣਗੇ ਤਾਂ ਉਹ ਗੱਲ ਟਾਲ ਗਏ। ਭਾਰਤ ਤੇ ਚੀਨ, ਈਰਾਨ ਤੋਂ ਕੱਚੇ ਤੇਲ ਦੇ ਸਭ ਤੋਂ ਵੱਡੇ ਗ੍ਰਾਹਕ ਹਨ। ਈਰਾਨ ਦੇ ਤੇਲ ਅਤੇ ਵਿੱਤ ਖੇਤਰਾਂ ਵਿੱਚ ਅਮਰੀਕਾ ਦੀਆਂ ਪਾਬੰਦੀਆਂ ਤੋਂ ਹਾਲੇ ਤੱਕ ਇਹ ਦੋਵੇਂ ਦੇਸ਼ ਬਚੇ ਹੋਏ ਹਨ।

ਇਸ ਤੋਂ ਪਹਿਲਾਂ ਕਿਸੇ ਦੇਸ਼ ਦਾ ਨਾਂਅ ਨਾ ਲੈਂਦੇ ਹੋਏ ਪੋਂਪੀਓ ਨੇ ਕਿਹਾ ਸੀ ਕਿ ਦੇਖੋ ਅਸੀਂ ਕੀ ਕਰਦੇ ਹਾਂ। ਪਹਿਲਾਂ ਦੇ ਮੁਕਾਬਲੇ ਇਸ ਵਾਰ ਵੱਧ ਕੱਚਾ ਤੇਲ ਅਸੀਂ ਬਜ਼ਾਰ ਤੋਂ ਰੋਕ ਦਿੱਤਾ ਹੈ। ਉਨ੍ਹਾਂ ਯਤਨਾਂ ਨੂੰ ਦੇਖੋ, ਜਿਹੜੇ ਰਾਸ਼ਟਰਪਤੀ ਟਰੰਪ ਦੀ ਨੀਤੀ ਨਾਲ ਜੁੜੇ ਹੋਏ ਹਨ। ਅਸੀਂ ਇਹ ਸਭ ਕੀਤਾ ਅਤੇ ਨਾਲ ਧਿਆਨ ਰੱਖਿਆ ਕਿ ਅਮਰੀਕੀ ਲੋਕ ਵੀ ਇਸ ਤਰ੍ਹਾਂ ਦੀਆਂ ਪਾਬੰਦੀਆਂ ਤੋਂ ਪ੍ਰਭਾਵਿਤ ਨਾ ਹੋਣ।

# ਪਾਬੰਦੀਆਂ ਲੱਗਣ ਪਿੱਛੋਂ ਈਰਾਨੀਆਂ ਨੇ ਅਮਰੀਕੀ ਝੰਡਾ ਤੇ ਟਰੰਪ ਦਾ ਪੁਤਲਾ ਫੂਕਿਆ

ਤਹਿਰਾਨ, 5 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਨਾਲ ਈਰਾਨ ਦੇ ਆਮ ਲੋਕ ਰੋਜ਼ ਦੀ ਜ਼ਿੰਦਗੀ ਵਿੱਚ ਹੋਰ ਮੁਸ਼ਕਿਲ ਹਾਲਾਤ ਦਾ ਸਾਹਮਣਾ ਕਰਨ ਬਾਰੇ ਸੋਚਣ ਲੱਗ ਪਏ ਹਨ। ਪਹਿਲਾਂ ਹੀ ਮੰਹਿਗਾਈ ਦੀ ਮਾਰ ਝੱਲ ਰਹੇ ਈਰਾਨੀ ਲੋਕਾਂ ਨੂੰ ਲੱਗਦਾ ਹੈ ਕਿ ਇਸ ਸੋਮਵਾਰ ਲਾਗੂ ਹੋਈਆਂ ਅਮਰੀਕੀਆਂ ਪਾਬੰਦੀਆਂ ਨਾਲ ਉਨ੍ਹਾਂ ਦੀ ਜ਼ਿੰਦਗੀ ਪਹਿਲਾਂ ਦੇ ਮੁਕਾਬਲੇ ਹੋਰ ਮੁਸ਼ਕਿਲ ਹੋਣ ਵਾਲੀ ਹੋ ਸਕਦੀ ਹੈ।

ਈਰਾਨ ਦੇ ਆਮ ਲੋਕਾਂ ਦੀ ਰਾਏ ਹੈ ਕਿ ਇਸ ਦੇਸ਼ ਅਤੇ ਸ਼ਕਤੀਸ਼ਾਲੀ ਦੇਸ਼ਾਂ ਵਿਚਾਲੇ ਹੋਏ ਐਟਮੀ ਸਮਝੌਤੇ ਵਿੱਚੋਂ ਮਈ ਵਿੱਚ ਅਮਰੀਕਾ ਦੇ ਪਿੱਛੇ ਹਟਣ ਅਤੇ ਅਗਸਤ ਵਿੱਚ ਕੁਝ ਪਾਬੰਦੀਆਂ ਲਾਉਣ ਨਾਲ ਉਨ੍ਹਾਂ ਦੀਆਂ ਮੁਸ਼ਕਲਾਂ ਪਹਿਲਾਂ ਹੀ ਵਧ ਗਈਆਂ ਸਨ ਅਤੇ ਤੇਲ ਅਤੇ ਬੈਂਕਿੰਗ ਖੇਤਰ ਉੱਤੇ ਨਵੀਆਂ ਅਮਰੀਕੀ ਪਾਬੰਦੀਆਂ ਨਾਲ ਆਉਂਦੇ ਦਿਨਾਂ 'ਚ ਉਨ੍ਹਾਂ ਦੀਆਂ ਮੁਸ਼ਕਿਲਾਂ ਹੋਰ ਵਧ ਸਕਦੀਆਂ ਹਨ।


ਇਸ ਦੌਰਾਨ ਕੱਲ੍ਹ ਅਮਰੀਕੀ ਪਾਬੰਦੀਆਂ ਦੇ ਰੋਸ ਵਜੋਂ ਤਹਿਰਾਨ ਵਿੱਚ ਵੱਡੀ ਗਿਣਤੀ ਲੋਕ ਸੜਕਾਂ ਉੱਤੇ ਉਤਰੇ ਤੇ ਅਮਰੀਕਾ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ। ਰਾਜਧਾਨੀ ਵਿੱਚ ਖਾਲੀ ਪਏ ਅਮਰੀਕਾ ਦੇ ਦੂਤਘਰ ਮੂਹਰੇ ਇਕੱਠੇ ਹੋਏ ਪ੍ਰਦਰਸ਼ਨਕਾਰੀਆਂ ਨੇ 'ਡੈਥ ਟੂ ਅਮਰੀਕਾ' ਦੇ ਨਾਅਰੇ ਲਾਏ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪੁਤਲਾ ਫੂਕਿਆ। ਇਸ ਦੌਰਾਨ ਅਮਰੀਕੀ ਝੰਡਾ ਵੀ ਸਾੜਿਆ ਗਿਆ।

ਵਰਨਣ ਯੋਗ ਹੈ ਕਿ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਰਾਜ ਦੌਰਾਨ ਹੋਏ ਐਟਮੀ ਸਮਝੌਤੇ ਤੋਂ ਡੋਨਾਲਡ ਟਰੰਪ ਪਿੱਛੇ ਹਟ ਗਏ ਹਨ। ਸਾਲ 2015 ਦੇ ਇਸ ਸਮਝੌਤੇ ਵਿੱਚ ਪ੍ਰਬੰਧ ਸੀ ਕਿ ਈਰਾਨ ਯੂ ਐੱਨ ਦੀ ਨਿਗਰਾਨੀ ਵਿੱਚ ਆਪਣੀ ਐਟਮੀ ਗਤੀਵਿਧੀਆਂ ਖਤਮ ਕਰੇਗਾ। ਇਸ ਦੇ ਬਦਲੇ ਈਰਾਨ 'ਤੇ ਲੱਗੀਆਂ ਪਾਬੰਦੀਆਂ ਹਟਾਈਆਂ ਜਾਣਗੀਆਂ। ਇਸ ਸਮਝੌਤੇ ਨੂੰ ਡੋਨਾਲਡ ਟਰੰਪ ਨੇ ਕਮਜ਼ੋਰ ਤੇ ਈਰਾਨ ਦੇ ਪੱਖ ਵਿੱਚ ਮੰਨਿਆ ਸੀ। ਈਰਾਨ ਉਤੇ ਟਰੰਪ ਵੱਲੋਂ ਮੁੜ ਕੇ ਇਸ ਲਈ ਪਾਬੰਦੀਆਂ ਲਾਈਆਂ ਗਈਆਂ ਹਨ ਕਿ ਉਹ ਆਪਣੇ ਐਟਮੀ ਅਤੇ ਬੈਲੇਸਟਿਕ ਮਿਜ਼ਾਇਲ ਪ੍ਰੋਗਰਾਮ ਨੂੰ ਰੋਕਣ ਅਤੇ ਮੱਧ ਪੂਰਬੀ 'ਚ ਛਿੜੀ ਜੰਗ ਨੂੰ ਬੰਦ ਕਰਨ ਉੱਤੇ ਅਮਲ ਕਰੇ।

# ਬ੍ਰਿਟੇਨ ਨੇ ਫ਼ੌਜ 'ਚ ਭਾਰਤੀਆਂ ਲਈ ਭਰਤੀ ਦੇ ਦਰ ਖੋਲ੍ਹੇ

ਲੰਡਨ, 5 ਨਵੰਬਰ, (ਪੋਸਟ ਬਿਊਰੋ)- ਬ੍ਰਿਟੇਨ ਦੀ ਸਰਕਾਰ ਨੇ ਭਾਰਤ ਸਮੇਤ ਕਾਮਨਵੈੱਲਥ ਦੇਸ਼ਾਂ ਦੇ ਨਾਗਰਿਕਾਂ ਲਈ ਆਪਣੀ ਫ਼ੌਜ ਵਿੱਚ ਭਰਤੀ ਲਈ ਸਟੈਂਡਰਡ ਵਿੱਚ ਛੋਟ ਦੇਣ ਦਾ ਐਲਾਨ ਕੀਤਾ ਹੈ। ਹਥਿਆਰਬੰਦ ਫੌਜਾਂ ਵਿੱਚ ਭਾਰੀ ਕਮੀ ਨੂੰ ਪੂਰਾ ਕਰਨ ਲਈ ਬ੍ਰਿਟੇਨ ਨੇ ਇਹ ਕਦਮ ਉਠਾਇਆ ਹੈ।

ਰੱਖਿਆ ਮੰਤਰਾਲੇ ਨੇ ਬ੍ਰਿਟੇਨ ਦੀ ਪਾਰਲੀਮੈਂਟ ਨੂੰ ਲਿਖਤੀ ਤਜਵੀਜ਼ ਭੇਜ ਕੇ ਕਿਹਾ ਹੈ ਕਿ ਜ਼ਮੀਨੀ, ਸਮੁੰਦਰੀ ਜਾਂ ਹਵਾਈ ਫੌਜ ਵਿੱਚ ਭਰਤੀ ਲਈ ਇੰਗਲੈਂਡ 'ਚ ਘੱਟੋ ਘੱਟ ਪੰਜ ਸਾਲ ਰਹਿਣ ਦੀ ਮੌਜੂਦਾ ਸ਼ਰਤ ਵਿੱਚ ਛੋਟ ਦਿੱਤੀ ਜਾਵੇ। ਇਸ ਫ਼ੈਸਲੇ ਨਾਲ ਭਾਰਤ, ਆਸਟਰੇਲੀਆ ਕੈਨੇਡਾ ਤੇ ਕੀਨੀਆ ਵਰਗੇ ਦੇਸ਼ਾਂ ਦੇ ਨੌਜਵਾਨ ਫ਼ੌਜ 'ਚ ਭਰਤੀ ਲਈ ਅਰਜ਼ੀ ਦੇ ਸਕਣਗੇ। ਰੱਖਿਆ ਮੰਤਰਾਲੇ ਮੁਤਾਬਕ ਕਾਮਨਵੈੱਲਥ ਦੇਸ਼ਾਂ ਦੇ ਨਾਗਰਿਕਾਂ ਲਈ ਪੰਜ ਸਾਲ ਪਰਵਾਸ ਦੀ ਸ਼ਰਤ ਨੂੰ ਹਟਾ ਦੇਣ ਦਾ ਫ਼ੈਸਲਾ ਲਿਆ ਗਿਆ ਹੈ, ਤਾਂ ਜੋ ਰਾਇਲ ਨੇਵੀ, ਬ੍ਰਿਟਿਸ਼ ਆਰਮੀ ਅਤੇ ਰਾਇਲ ਏਅਰ ਫੋਰਸ ਵਿੱਚ ਜਵਾਨਾਂ ਦੀ ਗਿਣਤੀ ਵਧਾਈ ਜਾ ਸਕੇ। ਮਈ 2016 ਤੋਂ ਕਾਮਨਵੈੱਲਥ ਦੇਸ਼ਾਂ ਦੇ 200 ਨੌਜਵਾਨਾਂ ਦੀ ਹਰ ਸਾਲ ਭਰਤੀ ਹੋ ਰਹੀ ਸੀ। ਕਾਮਨਵੈੱਲਥ ਦੇਸ਼ਾਂ ਤੋਂ ਬਾਹਰ ਦੇ ਲੋਕਾਂ ਨੂੰ ਇਸ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ। ਆਇਰਲੈਂਡ ਤੇ ਨੇਪਾਲ ਦੇ ਗੋਰਖੇ ਨਾਗਰਿਕਾਂ ਨੂੰ ਬ੍ਰਿਟਿਸ਼ ਫੌਜ 'ਚ ਭਰਤੀ ਲਈ ਪਹਿਲਾਂ ਹੀ ਵਿਸ਼ੇਸ਼ ਨੇਮ ਹਨ। ਕਾਮਨਵੈੱਲਥ ਨਾਗਰਿਕਾਂ ਨੂੰ ਫ਼ੌਜੀ ਭਰਤੀ ਲਈ ਪੰਜ ਸਾਲ ਪਰਵਾਸ ਦੀ ਛੋਟ 1998 ਵਿੱਚ ਮਿਲੀ ਸੀ, ਪਰ ਇਸ ਨੂੰ ਮੁੜ 2013 'ਚ ਲਾਗੂ ਕਰ ਦਿੱਤਾ ਗਿਆ ਸੀ।

# ਗੋਰ ਮੰਦਰ ਵਿਚ ਲਾਈਫ ਸਰਟੀਫਿਕੇਟਾਂ ਵਾਸਤੇ ਸ਼ਾਨਦਾਰ ਕੈਂਪ

ਕੈਪਟਨ ਇਕਬਾਲ ਸਿੰਘ ਵਿਰਕ ਪ੍ਰਧਾਨ ਪੈਰਟੀ ਸੀਨੀਅਰ ਕਲੱਬ ਖਬਰ ਭੇਜਦੇ ਹਨ ਕਿ ਬੀਤੇ ਸ਼ਿਚਰਵਾਰ 3 ਨਵੰਬਰ 2018 ਨੂੰ ਭਾਰਤੀ ਕਨਸੂਲੇਟ ਦਫਤਰ ਵਲੋਂ ਲਾਈਫ ਸਰਟੀਫਿਕੇਟਾਂ ਵਾਸਤੇ ਸ਼ਾਨਦਾਰ ਕੈਂਪ ਗੋਰ ਮੰਦਰ ਵਿਚ ਲਗਾਇਆ ਗਿਆ। ਭਾਵੇਂ ਲਾਈਨਾ ਬਹੁਤ ਲੰਬੀਆ ਲਗਦੀਆ ਰਹੀਆ ਪਰ ਬਹੁਤ ਜ਼ਿਆਦਾ ਉਡੀਕ ਨਹੀਂ ਕਰਨੀ ਪਈ। ਕਊਂਸਲ ਜਨਰਲ ਦਿਨੇਸ਼ ਭਾਟੀਆ ਜੀ ਖੁਦ ਅਪਾਹਜ ਲੋਕਾਂ ਦੀ ਮਦਤ ਕਰਦੇ ਵੇਖੇ ਗਏ। ਇਸ ਸੇਵਾ ਭਾਵਨਾ ਨੂੰ ਵੇਖ ਲੋਕ ਬਹੁਤ ਖੁਸੀ ਮਹਿਸੂਸ ਕਰ ਰਹੇ ਸਨ। ਹਰ ਸਾਲ ਦੀ ਤਰ੍ਹਾ ਇਹ ਕੈਂਪ ਬਿਲਕੁਲ ਮੁਫਤ ਸੀ। ਉਹ ਦਸਦੇ ਹਨ ਕਿ 2014 ਤਕ ਇਹ ਕੈਂਪ ਇੰਡੀਅਨ ਐਕਸ ਸਰਵਿਸ ਮੈਨ ਅਸੋਸੀਏਸ਼ਨ ਰਾਹੀਂ ਲਗਦੇ ਰਹੇ ਸਨ ਅਤੇ 5 ਡਾਲਰ ਫੀਸ ਲਈ ਜਾਂਦੀ ਸੀ। ਪਰ 2015 ਵਿਚ ਇਸ ਕੈਂਪ ਦੀ ਜਿਮੇਦਾਰੀ ਵਿਰਕ ਸਾਹਿਬ ਨੂੰ ਮਿਲੀ ਸੀ। ਉਨ੍ਹਾ ਨੇ ਸੇਵਾਦਲ ਦੇ ਅਜੀਤ ਸਿੰਘ ਰੱਖੜਾ ਅਤੇ ਗੁਰੂ ਤੇਗਬਹਾਦੁਰ ਇੰਟਰਨੈਸ਼ਨਲ ਸਕੂਲ ਦੇ ਪ੍ਰਿੰਸੀਪਲ ਸੰਜੀਵ ਧਵਨ ਦੀ ਸਹਾਇਤਾ ਨਾਲ ਪਹਿਲੀ ਵਾਰ ਮੁਫਤ ਕੈਂਪ ਲਗਾਇਆ ਸੀ। ਉਸਤੋਂ ਬਾਅਦ ਭਾਟੀਆ ਸਾਹਿਬ ਨੇ ਇਸਨੂੰ ਫਰੀ ਕਰ ਦੇਣ ਦੇ ਹੁਕਮ ਯਾਰੀ ਕਰ ਦਿਤੇ ਸਨ। 2016 ਅਤੇ 2017 ਵਿਚ ਇਹ ਕੈਂਪ ਸੇਵਾਦਲ ਨੂੰ ਮਿਲਦੇ ਰਹੇ ਹਨ ਅਤੇ ਵਿਰਕ ਸਾਹਿਬ ਸੇਵਾਦਲ ਦੇ ਐਕਟਿਵ ਮੈਂਬਰ ਹਨ। 2018 ਵਿਚ ਪਾਲਿਸੀ ਚੇਜ ਹੋਣ ਨਾਲ ਕੇਵਲ ਮੰਦਰ ਜਾ ਗੁਰਦੁਆਰੇ ਵਿਚ ਕੈਂਪ ਲਗੇ ਹਨ। 10 ਨਵੰਬਰ 2018 ਨੂੰ ਇਕ ਹੋਰ ਕੈਂਪ ਸਿੱਖ ਹੈਰੀਟੇਜ ਗੁਸਦੁਆਰਾ ਸਾਹਿਬ ਵਿਖੇ ਲਗ ਰਿਹਾ ਹੈ ਜੋ ਏਅਰਪੋਰਟ ਅਤੇ ਮੇਫੀਲਡ ਦੇ ਕਰਾਸਿੰਗ ਉਪਰ ਸਿਥਤ ਹੈ। ਕਿਸੇ ਜਾਣਕਾਰੀ ਲਈ ਫੋਨ 647 631 9445

# ਓਂਟਾਰੀਓ ਫਰੈਂਡਜ਼ ਕਲੱਬ ਨੇ ਦੀਵਾਲੀ ਮਨਾਈ



ਬਰੈਂਪਟਨ : ਓਂਟਾਰੀਓ ਫਰੈਂਡਜ਼ ਕਲੱਬ ਵੱਲੋਂ ਅੱਜ ਦੀਵਾਲੀ ਮੌਕੇ ਵਿਸ਼ੇਸ਼ ਮਿਲਣੀ ਕਰਵਾਈ ਗਈ। ਵਿਲੇਜ਼ ਆਫ ਇੰਡੀਆ ਰੈਸਟੋਸਰੈਂਟ ਵਿਖੇ ਮਨਾਈ ਗਈ ਦੀਵਾਲੀ ਮੌਕੇ ਮੈਂਬਰਾਂ ਨੇ ਵਧ ਚੜ੍ਹਕੇ ਹਿੱਸਾ ਲਿਆ। ਕਲੱਬ ਦੇ ਪ੍ਰਧਾਨ ਰਵਿੰਦਰ ਸਿੰਘ ਕੰਗ ਨੇ ਸਾਰੇ ਨਵੇਂ ਅਤੇ ਪੁਰਾਣੇ ਮੈਂਬਰਾਂ ਦੀ ਜਾਣ ਪਹਿਚਾਣ ਕਰਵਾਈ। ਸੰਤ=%39ਸਖ ਸਿੰਘ ਸੰਧੂ ਕੈਸ਼ੀਅਰ ਨੇ ਪਿਛਲੇ ਸਮੇਂ ਵਿਚ ਕੀਤੇ ਕੰਮਾ ਦੀ ਜਾਣਕਾਰੀ ਦਿੱਤੀ। ਦਲਬੀਰ ਸਿੰਘ ਕਥੂਰੀਆ ਮੀਤ ਪ੍ਰਧਾਨ ਨੇ ਸਾਰੇ ਮੈਂਬਰਾਂ ਨੂੰ ਜੀ ਆਇਆਂ ਆਖਿਆ। ਦਸੰਬਰ ਦੇ ਆਖਰੀ ਹਫਤੇ ਵਿਚ ਕ੍ਰਿਸਮਿਸ ਅਤੇ ਨਵੇਂ ਸਾਲ ਦਾ ਸਮਾਗਮ ਕਰਨ ਦਾ ਫੈਸਲਾ ਹੋਇਆ, ਜੋ ਡਾ. ਨਾਜ ਸਾਹਿਬ ਦੀ ਜਥੇਬੰਦੀ ਪੀਸ ਆਨ ਅਰਥ ਨਾਲ ਰਲ ਕੇ ਕੀਤਾ ਜਾਵੇਗਾ। ਸਾਰੇ ਮੈਂਬਰਾਂ ਨੇ ਆਪੋ-ਆਪਣੇ ਵਿਚਾਰ ਦਿੱਤੇ। ਮੈਂਬਰਾਂ 'ਚ ਦੀਵਾਲੀ ਦਾ ਦਿਹਾੜਾ ਮਨਾਉਣ ਲਈ ਭਾਰੀ ਉਤਸ਼ਾਹ ਸੀ। ਹਾਜ਼ਿਰ ਮੈਂਬਰਾਂ 'ਚ ਅਜੈਬ ਸਿੰਘ ਚੱਠਾ, ਸੰਤੋਖ ਸਿੰਘ ਸੰਧੂ, ਅਮਰਜੀਤ ਸਿੰਘ ਚੱਠਾ, ਨਿਰਵੈਰ ਸਿੰਘ ਅਰੋੜਾ, ਇਫਤਕਾਰ ਚੌਧਰੀ, ਸਰਦੂਲ ਸਿੰਘ ਥਿਆੜਾ, ਸੁਖਵਿੰਦਰ ਸਿੰਘ ਸੰਧੂ, ਚਰਨਜੀਤ ਸਿੰਘ ਸੰਧੂ, ਨਿਰਮਲ ਸਾਧਾਂਵਾਲੀਆ, ਮਿੱਤਰਾਕੋਫੀ, ਰਾਮ ਪਵਾਰ, ਹੀਰਾ ਧਾਰੀਵਾਲ, ਗੁਰਵਿੰਦਰ ਸਹੋਤਾ, ਜਗਰੂਪ ਸਿੰਘ ਧਾਲੀਵਾਲ, ਰਵਿੰਦਰ ਸਿੰਘ ਕੰਗ, ਦਲਬੀਰ ਸਿੰਘ ਕਥੂਰੀਆ, ਸੰਜੀਤ ਸਿੰਘ ਅਤੇ ਗੁਰਦਰਸ਼ਨ ਸਿੰਘ ਸ਼ੀਰਾ ਸ਼ਾਮਿਲ ਸਨ।

# ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਪ੍ਰਸਿੱਧ ਕਮੇਂਟੇਟਰ ਮੱਖਣ ਅਲੀ ਦਾ ਸਨਮਾਨ



ਆਕਲੈਂਡ, 5 ਨਵੰਬਰ (ਹਰਜਿੰਦਰ ਸਿੰਘ ਬਸਿਆਲਾ)-ਕਹਿੰਦੇ ਨੇ ਬਾਹਰਲੇ ਮੁਲਕਾਂ ਵਾਲੇ ਰਸਮੀ ਗਲਬਾਤ ਦੌਰਾਨ ਦੋ ਗੱਲਾਂ ਨਹੀਂ ਭੁੱਲਦੇ ਪਹਿਲੀ ਗੱਲ ਧੰਨਵਾਦ ਅਤੇ ਦੂਜੀ ਗੱਲ ਸੌਰੀ। ਸੋ ਜੇਕਰ ਤੁਹਾਡੇ ਲਈ ਕੋਈ ਨਿਕਾ ਜਿਹਾ ਵੀ ਕਾਰਜ ਕਰਦਾ ਹੈ ਜਾਂ ਟਾਈਮ ਕੱਢਦਾ ਹੈ ਤਾਂ ਉਸਦਾ ਧੰਨਵਾਦ ਕਰਨਾ ਜ਼ਰੂਰ ਬਣਦਾ ਹੈ ਤਾਂ ਕਿ ਅੱਗੇ ਵਾਸਤੇ ਤੁਹਾਡੀ ਸਾਂਝ ਬਣੀ ਰਹੇ। ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਦੇ ਸੱਦੇ ਉਤੇ ਪ੍ਰਸਿੱਧ ਕੁਮੇਂਟੇਟਰ ਮੱਖਣ ਅਲੀ ਦੋ ਕੁ ਹਫਤੇ ਪਹਿਲਾਂ ਇਥੇ ਹੋਏ ਦੋ ਖੇਡ ਟੂਰਨਾਮੈਂਟਾਂ (21 ਅਤੇ 28 ਅਕਤੂਬਰ) ਦੇ ਲਈ ਵਿਸ਼ੇਸ਼ ਸੱਦੇ ਉਤੇ ਪਹੁੰਚੇ ਸਨ ਅਤੇ ਉਨ੍ਹਾਂ ਨੇ ਇਨ੍ਹਾਂ ਖੇਡ ਮੇਲਿਆਂ ਨੂੰ ਕੁਮੈਂਟਰੀ ਨਾਲ ਹੋਰ ਰੌਚਿਕ ਬਣਾ ਦਿੱਤਾ ਸੀ। ਅੱਜ ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਨੇ ਉਨ੍ਹਾਂ ਨੂੰ ਨਿੱਘੀ ਵਿਦਾਇਗੀ ਦਿੰਦਿਆ ਜਿੱਥੇ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਉਥੇ ਉਨ੍ਹਾਂ ਦਾ ਹੋਰ ਮਾਨ-ਸਨਮਾਨ ਦੇ ਕੇ ਕੰਨ ਵਿਚ ਇਹ ਵੀ ਕਹਿ ਦਿੱਤਾ ਕਿ ''ਧੰਨਵਾਦ ਮੱਖਣ ਅਲੀ ਜੀ, ਫਿਰ ਵੀ ਆਉਂਦੇ ਰਹਿਣਾ।'' ਰਸਮੀ ਸ਼ੁਰੂਆਤ ਸ. ਵਰਿੰਦਰ ਸਿੰਘ ਬਰੇਲੀ ਨੇ ਸਭ ਨੂੰ ਜੀ ਆਇਆਂ ਕਹਿ ਕੇ ਕੀਤੀ ਅਤੇ ਕਿਹਾ ਕਿ ਮੱਖਣ ਅਲੀ ਲੰਬੇ ਸਮੇਂ ਤੋਂ ਦੇਸ਼-ਵਿਦੇਸ਼ ਕਬੱਡੀ ਦੀ ਕੁਮੈਂਟੇਟਰੀ ਦੀਆਂ ਸੇਵਾਵਾਂ ਦੇ ਰਹੇ ਹਨ ਅਤੇ ਉਨ੍ਹਾਂ ਨੂੰ ਲਗਪਗ ਸਾਰੇ ਹੀ ਦੇਸ਼ਾਂ ਦੇ ਕਬੱਡੀ ਖਿਡਾਰੀਆਂ ਦੇ ਨਾਂਅ ਤੱਕ ਯਾਦ ਹਨ। ਨਿਊਜ਼ੀਲੈਂਡ ਉਨ੍ਹਾਂ ਦੇ ਲਈ ਇਕ ਤਰ੍ਹਾਂ ਨਾਲ ਘਰ ਵਾਂਗ ਹੈ ਅਤੇ ਉਹ ਅੱਗੇ ਤੋਂ ਵੀ ਇਸੇ ਤਰ੍ਹਾਂ ਆਉਂਦੇ ਰਹਿਣ ਅਤੇ ਉਹ ਸਹਿਯੋਗ ਦਿੰਦੇ ਰਹਿਣਗੇ। ਇਸ ਤੋਂ ਬਾਅਦ ਮਾਲਵਾ ਕਲੱਬ ਤੋਂ ਜੱਗੀ ਰਾਮੂਵਾਲੀਆ ਨੇ ਵੀ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਮੱਖਣ ਅਲੀ ਦੇ ਆਉਣ ਨਾਲ ਮਾਲਵਾ ਖੇਡ ਮੇਲਾ ਇਕ ਯਾਦਗਾਰੀ ਮੇਲਾ ਬਣ ਗਿਆ ਹੈ, ਸਾਰਿਆਂ ਨੇ ਕੁਮੈਂਟਰੀ ਦਾ ਖੂਬ ਅਨੰਦ ਮਾਣਿਆ ਤੇ ਸਾਊਂਡ ਸਿਸਟਮ ਵੀ ਖੁਸ਼ ਹੋ ਗਿਆ। ਸ. ਹਰਪ੍ਰੀਤ ਸਿੰਘ ਗਿੱਲ ਨੇ ਵੀ ਫੈਡਰੇਸ਼ਨ ਦੇ ਸੱਦੇ ਨੂੰ ਝੱਟ ਮੰਗਣੀ ਪੱਟ ਵਿਆਹ ਵਾਂਗ ਮਨਜ਼ੂਰ ਕਰਨ ਲਈ ਮੱਖਣ ਅਲੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਅਗਲੇ ਸੀਜਨ ਦੇ ਵਿਚ ਵੀ ਮੱਖਣ ਅਲੀ ਨੂੰ ਇਥੇ ਬੁਲਾ ਕੇ ਖੁਸ਼ੀ ਮਹਿਸੂਸ ਕਰਨਗੇ। ਪ੍ਰਿਤਪਾਲ ਸਿੰਘ ਗਰੇਵਾਲ ਅਤੇ ਹਰਵੰਤ ਸਿੰਘ ਗਰੇਵਾਲ (ਆਟੋਲਾਈਨ ਮੈਨੁਰੇਵਾ) ਵੱਲੋਂ ਮੱਖਣ ਅਲੀ ਦਾ ਇਕ ਵਾਰ ਫਿਰ ਮਾਨ-ਸਨਮਾਨ ਕੀਤਾ ਗਿਆ।

ਕੌਣ-ਕੌਣ ਪਹੁੰਚਿਆ: ਇਕ ਰੈਸਟੋਰੈਂਟ ਦੇ ਵਿਚ ਹੋਏ ਇਸ ਸਮਾਗਮ ਵਿਚ ਕਬੱਡੀ ਫੈਡਰੇਸ਼ਨ ਦੇ ਅਹੁਦੇਦਾਰ ਜਿਨ੍ਹਾਂ ਵਿਚ ਸ. ਹਰਪ੍ਰੀਤ ਸਿੰਘ ਗਿੱਲ ਪ੍ਰਧਾਨ, ਜੱਸਾ ਬੋਲੀਨਾ ਉਪ ਪ੍ਰਧਾਨ, ਸ. ਤੀਰਥ ਸਿੰਘ ਅਟਵਾਲ ਜਨਰਲ ਸਕੱਤਰ ਤੇ ਅਵਤਾਰ ਸਿੰਘ ਤਾਰੀ ਤੋਂ ਇਲਾਵਾ ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ, ਪੰਜਾਬ ਕੇਸਰੀ ਕਲੱਬ, ਬੇਅ ਆਫ ਪਲੈਂਟੀ ਟੌਰੰਗਾ, ਚੜ੍ਹਦੀ ਕਲਾ ਸਪੋਰਟਸ ਕਲੱਬ ਪਾਪਾਮੋਆ, ਪੰਜਾਬ ਸਪੋਰਟਸ ਕਲੱਬ ਹੇਸਟਿੰਗਜ਼, ਅੰਬੇਡਕਰ ਸਪੋਰਟਸ ਐਂਡ ਕਲਚਰਲ ਕਲੱਬ ਅਤੇ ਸ਼ਹੀਦ ਭਗਤ ਸਿੰਘ ਕੱਲਬ ਤੋਂ ਵੀ ਮੈਂਬਰ ਹਾਜ਼ਿਰ ਸਨ। ਖੇਡ ਪ੍ਰੋਮੋਟਰਾਂ ਵਿਚ ਸ਼ਾਮਿਲ ਸਨ ਰਾਜਾ ਬੁੱਟਰ, ਮੰਗਾ ਭੰਡਾਲ, ਪਿੰਦੂ ਵਿਰਕ, ਪਾਲ ਰਣੀਆ, ਗੈਰੀ ਬਰਾੜ, ਮਨਜੀਤ ਬੱਲ੍ਹਾ, ਅੰਗਰੇਜ ਸਿੱਧੂ, ਦੇਬਾ ਮਾਨ, ਨਿਊਜ਼ੀਲੈਂਡ ਕਾਂਗਰਸ ਤੋਂ ਹਰਮਿੰਦਰ ਚੀਮਾ, ਬਲਿਹਾਰ ਮਾਹਲ, ਇੰਦਰਜੀਤ ਕਾਲਕਟ, ਮਨਿੰਦਰਾ ਕ੍ਰਿਸ਼ਨਾ, ਦਾਰੀ ਢਿੱਲੋਂ, ਸੁੱਖ ਹੁੰਦਲ, ਬਾਜ ਜੈਤੇਵਾਲੀ, ਕਾਕੂ ਭੇਖਾ, ਏਕਜੋਤ ਤੱਖਰ, ਪਰਮਿੰਦਰ ਕਾਹਲੋਂ, ਦਲਬੀਰ ਲਸਾੜਾ, ਦਲਜੀਤ ਸਿੱਧੂ, ਗੁਰਵਿੰਦਰ ਔਲਖ, ਛਿੰਦਾ ਰਾਮਰਾਏਪੁਰ, ਟੀਟੂ ਮਾਣਕੂ, ਹਰਪ੍ਰੀਤ ਕੰਗ, ਦਾਰਾ ਸਿੰਘ ਰਣੀਆ, ਬੂਟਾ ਸਿੰਘ ਹੇਸਟਿੰਗਜ਼, ਹਰਜਿੰਦਰ ਸਿੰਘ ਮੰਗਾ ਪਾਪਾਮੋਆ, ਜਸਵਿੰਦਰ ਸੰਧੂ, ਰਵੀ ਝਮੱਟ, ਮਨਜੀਤ ਅਟਵਾਲ, ਇੰਦਰਜੀਤ ਟੂਆਕਾਊ, ਅਤੇ ਰਣਜੀਤ ਰਾਏ ਸ਼ਾਮਿਲ ਸਨ।

ਫੂਡ ਡਿਸਟਰੀਬਿਊਸ਼ਨ ਕੰਪਣੀ ਨੂੰ ਵਰਕਰਾਂ ਦੀ ਤੁਰੰਤ ਲੋੜ ਹੈ
(PART TIME/FULL TIME)

ਚੰਗੀ ਜੋਬ ਤੇ ਵਧੀਆ ਤਨਖਾਹ

Job Description:
• Order picking and packing as well as stocking up of shelves.
• Contribute to daily inbound or outbound warehouse operations.
• Palletize and wrap skids, Organize warehouse space, Pick and load orders quickly and accurately and other duties as required.

Requirements:
• Capable of lifting up to 50lbs.
• Able to speak English
• Shift time from 3pm to 11pm on week days
• Hourly rate of $16 to $17 depending upon experience

Please Email your resume at siva@srimi.com or by fax at +1 647-351-7157 or call Ram at +1 647-831-9149 (Morning) or Siva at +1 416-666-8525 (Evening).

Jobs Jobs Jobs

General Labour/ Drivers/ Window Assemblers & Machine Operators

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

ਮੂੰਹੋ ਬੋਲਦੀ ਦੀ Kitchen and Washroom ਬਣਵਾਓ

Pearson
Kitchen & Cabinet

Free Estimate
We Specialize in granite, quartz & marble countertops





We Specialize In:
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

SimConnect
FREIGHT MANAGEMENT
HIRING OWNER OPERATORS FOR LAREDO TX & MIDWEST LANES
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles
Company Drivers :
Solo/Team : upto .65 Cents Per Mile




Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3

ੴ ਸਤਿਗੁਰ ਪ੍ਰਸਾਦਿ
ਗੁਰੂਦੁਆਰਾ ਸਿੱਖ ਸਪਿਰਚੂਅਲ ਸੈਂਟਰ, ਰੈਕਸਡੇਲ

ਬਰਸੀ ਸਮਾਗਮ
ਧੰਨ ਧੰਨ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ

ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁਸ਼ਿਆਰਪੁਰ ਦੀ ਸਮੂਹ ਸਾਧ ਸੰਗਤ ਵਲੋਂ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੇ ਬਰਸੀ ਸਮਾਗਮ ਕਰਵਾਏ ਜਾ ਰਹੇ ਹਨ। ਇਹ ਬਰਸੀ ਸਮਾਗਮ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ ਵਿਖੇ ਹੋਣਗੇ। ਜਿਸ ਦੇ ਸੰਦਰਭ ਵਿੱਚ 16 ਨਵੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 18 ਨਵੰਬਰ ਦਿਨ ਐਤਵਾਰ ਸਵੇਰੇ 10 ਵਜੇ ਭੋਗ ਪੈਣਗੇ, ਉਪਰੰਤ ਦਰਬਾਰ ਸਜਾਏ ਜਾਣਗੇ, ਗੁਰੂ ਕਾ ਲੰਗਰ ਅਟੁੱਤ ਵਰਤਾਇਆ ਜਾਵੇਗਾ।



ਸਮੂਹ ਹੁਸ਼ਿਆਰਪੁਰ ਇਲਾਕਾ ਨਿਵਾਸੀਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਦੀ ਹੈ ਕਿ ਇਸ ਸਮਾਗਮ ਵਿੱਚ ਹੁੰਮ ਹੁਮਾ ਕੇ ਪਹੁੰਚੋ ਜੀ

9 Carrier Drive Toronto, ON M9V 4B2

ਜਿਆਦਾ ਜਾਣਕਾਰੀ ਲਈ ਰਾਜੀਵ ਸਿੰਘ 647 280 6041
ਸੁਰਿੰਦਰ ਸਿੰਘ ਗਿੱਲ 416 677 4455
ਮਹਿੰਦਰ ਸਿੰਘ ਜੱਜ 647 296 4851 ਤੇ ਸੰਪਰਕ ਕਰੋ

# ਸਾਂਝੀਵਾਲਤਾ ਦੀ ਪ੍ਰਤੀਕ ਹੈ ਦੀਵਾਲੀ

-ਸੁਰਿੰਦਰ ਕੋਛੜ

ਕੱਤਕ ਮਹੀਨੇ ਦੀ ਮੱਸਿਆ ਦੇ ਦਿਨ ਮਨਾਇਆ ਜਾਣ ਵਾਲਾ ਦੀਵਾਲੀ ਦਾ ਤਿਉਹਾਰ ਪਵਿੱਤਰ ਹੋਣ ਦੇ ਨਾਲ-ਨਾਲ ਸਾਂਝੀਵਾਲਤਾ ਦਾ ਸੰਦੇਸ਼ ਵੀ ਦਿੰਦਾ ਹੈ। ਇਸ ਤਿਉਹਾਰ ਨੂੰ ਜਿਥੇ ਹਿੰਦੂਆਂ, ਸਿੱਖਾਂ, ਨੇਪਾਲੀਆਂ, ਬੋਧੀਆਂ ਆਦਿ ਵੱਲੋਂ ਆਪੋ ਆਪਣੇ ਢੰਗ ਤੇ ਰਵਾਇਤ ਅਨੁਸਾਰ ਮਨਾਇਆ ਜਾਂਦਾ ਹੈ, ਉਥੇ ਭਾਰਤ ਦੇ ਨਾਲ ਹੀ ਨੇਪਾਲ, ਸ੍ਰੀਲੰਕਾ, ਮੋਰੇਸ਼ਸ, ਸਰੀਨਾਮ, ਮਲੇਸ਼ੀਆ, ਸਿੰਗਾਪੁਰ ਅਤੇ ਫਿਜ਼ੀ ਆਦਿ ਦੇਸ਼ਾਂ ਵਿੱਚ ਵੀ ਇਸ ਦਿਨ ਸਰਕਾਰੀ ਛੁੱਟੀ ਐਲਾਨੀ ਜਾਂਦੀ ਹੈ।

ਹਿੰਦੂ ਮੱਤ ਅਨੁਸਾਰ ਦੀਵਾਲੀ ਵਾਲੇ ਦਿਨ ਅਯੋਧਿਆ ਦੇ ਰਾਜਾ ਰਾਮ ਚੰਦਰ ਲੰਕਾ ਦੇ ਰਾਜਾ ਰਾਵਣ ਨੂੰ ਯੁੱਧ ਵਿੱਚ ਮਾਰ ਕੇ ਅਯੋਧਿਆ ਪਰਤੇ ਸਨ। ਉਨ੍ਹਾਂ ਦੇ ਪਰਤਣ ਦੀ ਖੁਸ਼ੀ ਵਿੱਚ ਅਯੋਧਿਆ ਵਾਸੀਆਂ ਨੇ ਘਿਓ ਦੇ ਦੀਵੇ ਬਾਲ ਕੇ ਰੋਸ਼ਨੀ ਕੀਤੀ, ਜੋ ਰਵਾਇਤ ਅੱਜ ਵੀ ਨਿਰਵਿਘਨ ਜਾਰੀ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਇਸੇ ਦਿਨ ਭਗਵਾਨ ਕ੍ਰਿਸ਼ਨ ਨੇ ਅੱਤਿਆਚਾਰੀ ਰਾਜਾ ਨਰਕਾਸੁਰ ਦੀ ਹੱਤਿਆ ਕਰਕੇ ਉਸ ਦੇ ਕਬਜ਼ੇ ਵਿੱਚੋਂ 16,000 ਕੰਨਿਆਵਾਂ ਨੂੰ ਮੁਕਤ ਕਰਵਾਇਆ ਸੀ ਅਤੇ ਇਸੇ ਦਿਨ ਭਗਵਾਨ ਵਿਸ਼ਨੂ ਨੇ ਭਗਤ ਪ੍ਰਹਿਲਾਦ ਦੀ ਰੱਖਿਆ ਕਰਨ ਲਈ ਚਮਤਕਾਰੀ ਢੰਗ ਨਾਲ ਨਰਸਿੰਘ ਰੂਪ ਧਾਰਨ ਕਰਕੇ ਦੈਂਤਰਾਜ ਹਿਰਨਕਸ਼ਯਪ ਦਾ ਅੰਤ ਕੀਤਾ ਸੀ। ਦੀਵਾਲੀ ਵਾਲੇ ਦਿਨ ਹੀ ਸਮੁੰਦਰ ਮੰਥਨ ਦੇ ਬਾਅਦ ਲਕਸ਼ਮੀ ਜੀ ਅਤੇ ਧਨਵੰਤਰੀ ਜੀ ਪ੍ਰਗਟ ਹੋਏ ਸਨ।

ਜੈਨੀ ਲੋਕਾਂ ਦਾ ਮੱਤ ਹੈ ਕਿ ਉਨ੍ਹਾਂ ਦੇ 24ਵੇਂ ਤੀਰਥਾਂਕਰ ਭਗਵਾਨ ਮਹਾਵੀਰ ਨੂੰ 527 ਬੀ ਸੀ ਵਿੱਚ ਦੀਵਾਲੀ ਦੇ ਦਿਨ ਪਟਨਾ ਦੀ ਪਾਵਾਪੁਰੀ ਵਿੱਚ ਮੋਕਸ਼ ਪ੍ਰਾਪਤ ਹੋਇਆ ਸੀ। ਜੈਨ ਗ੍ਰੰਥਾਂ ਦੇ ਅਨੁਸਾਰ ਭਗਵਾਨ ਮਹਾਵੀਰ ਨੇ ਦੀਵਾਲੀ ਤੋਂ ਪਹਿਲੀ ਰਾਤ ਨੂੰ ਅੱਧੀ ਰਾਤ ਸਮੇਂ ਆਪਣਾ ਆਖਰੀ ਉਪਦੇਸ਼ ਦਿੱਤਾ ਸੀ। ਉਨ੍ਹਾਂ ਦੁਆਰਾ ਦਿੱਤੇ ਆਖਰੀ ਉਪਦੇਸ਼ ਨੂੰ ਉਤਰਾਧਿਆਨ ਸੂਤਰ ਨਾਂ ਨਾਲ ਜਾਣਿਆ ਜਾਂਦਾ ਹੈ। ਇਸੇ ਦਿਨ ਮਹਾਤਮਾ ਗੌਤਮ ਬੁੱਧ ਦੇ ਅਨੁਯਾਈਆਂ ਨੇ 2500 ਸਾਲ ਪਹਿਲਾ ਗੌਤਮ ਬੁੱਧ ਦੇ ਸਵਾਗਤ ਦੀ ਖੁਸ਼ੀ ਵਿੱਚ ਦੀਪਮਾਲਾ ਕੀਤੀ ਸੀ। ਸਮਰਾਟ ਵਿਕ੍ਰਮਾਦਿੱਤ ਦੀਵਾਲੀ ਦੇ ਦਿਨ ਹੀ ਰਾਜ ਤਖਤ 'ਤੇ ਬੈਠੇ ਸਨ।

ਕੌਟਲਿਆ ਅਰਥ ਸ਼ਾਸਤਰ ਅਨੁਸਾਰ ਕੱਤਕ ਮਹੀਨੇ ਦੀ ਮੱਸਿਆ ਦੇ ਦਿਨ ਮੰਦਰਾਂ ਤੇ ਘਾਟਾਂ (ਨਦੀ ਕਿਨਾਰੇ) 'ਤੇ ਘਿਉ ਦੇ ਦੀਵੇ ਜਗਾਏ ਜਾਂਦੇ ਸਨ। ਪੁਰਾਤੱਤਵ ਮਾਹਰਾਂ ਅਨੁਸਾਰ 500 ਈਸਵੀ ਮੋਹਨਜੋਦੜੋ ਸੱਭਿਅਤਾ ਦੇ ਮਿਲੇ ਅਵਸ਼ੇਸ਼ਾਂ ਵਿੱਚੋਂ ਇਕ ਅਜਿਹੀ ਮਿੱਟੀ ਦੀ ਮੂਰਤੀ ਪ੍ਰਾਪਤ ਹੋਈ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਉਸ ਸਦੀ ਵਿੱਚ ਵੀ ਦੀਵਾਲੀ ਮਨਾਈ ਜਾਂਦੀ ਸੀ ਅਤੇ ਦੀਪਮਾਲਾ ਕੀਤੀ ਜਾਂਦੀ ਸੀ।

ਮੁਗਲ ਸ਼ਾਸਕ ਬਾਬਰ ਦੀਵਾਲੀ ਦੇ ਮੌਕੇ 'ਤੇ ਗਰੀਬਾਂ ਅਤੇ ਜ਼ਰੂਰਤਮੰਦਾਂ ਨੂੰ ਕੱਪੜੇ, ਮਠਿਆਈਆਂ ਅਤੇ ਹੋਰ ਜ਼ਰੂਰਤ ਦਾ ਸਾਮਾਨ ਦਾਨ ਕਰਕੇ ਆਪਣੇ ਰਾਜ ਮਹੱਲ ਵਿੱਚ ਰੋਸ਼ਨੀ ਕਰਦਾ ਸੀ। ਇਹ ਰਵਾਇਤ ਉਸ ਦੇ ਪੁੱਤਰ ਬਾਦਸ਼ਾਹ ਹੁਮਾਯੂੰ ਦੇ ਸਮੇਂ ਵੀ ਜਾਰੀ ਰਹੀ। ਖੁਦ ਨੂੰ ਦੀਨ-ਏ-ਇਲਾਹੀ ਮੰਨਣ ਵਾਲੇ ਮੁਗਲ ਬਾਦਸ਼ਾਹ ਅਕਬਰ ਵੱਲੋਂ ਵੀ ਆਪਣੇ ਸ਼ਾਸਨ ਕਾਲ ਸਮੇਂ ਸ਼ਾਹੀ ਕਿਲ੍ਹੇ ਵਿੱਚ ਆਪਣੇ ਦੌਲਤਖਾਨੇ ਦੇ ਸਾਹਮਣੇ 40 ਫੁੱਟ ਉਚੇ ਲਕੜੀ ਦੇ ਖੰਭੇ 'ਤੇ ਇਕ ਵੱਡਾ ਆਕਾਸ਼ਦੀਪ ਦੀਵਾਲੀ ਦੇ ਦਿਨ ਲਟਕਾਇਆ ਜਾਂਦਾ ਸੀ। ਬਾਦਸ਼ਾਹ ਜਹਾਂਗੀਰ ਵੀ ਦੀਵਾਲੀ ਧੂਮ ਧਾਮ ਨਾਲ ਮਨਾਉਂਦਾ ਸੀ। ਮੁਗਲ ਵੰਸ਼ ਦੇ ਆਖਰੀ ਸਮਰਾਟ ਬਹਾਦਰ ਸ਼ਾਹ ਜਫਰ ਦੀਵਾਲੀ ਨੂੰ ਤਿਉਹਾਰ ਦੇ ਰੂਪ ਵਿੱਚ ਮਨਾਉਂਦੇ ਸਨ ਤੇ ਇਸ ਮੌਕੇ ਕਰਾਏ ਜਾਣ ਵਾਲੇ ਪ੍ਰੋਗਰਾਮਾਂ ਵਿੱਚ ਖੁਦ ਸ਼ਾਮਲ ਹੁੰਦੇ ਸਨ। ਸ਼ਾਹ ਆਲਮ (ਦੂਸਰਾ) ਦੇ ਸਮੇਂ ਵੀ ਸਾਰੇ ਸ਼ਾਹੀ ਮਹੱਲ ਨੂੰ ਦੀਵਿਆਂ ਨਾਲ ਸਜਾਇਆ ਜਾਂਦਾ ਸੀ। ਨੇਪਾਲੀਆਂ ਲਈ ਦੀਵਾਲੀ ਦਾ ਤਿਉਹਾਰ ਇਸ ਲਈ ਵਿਸ਼ੇਸ਼ ਮਹਤੱਤਾ ਰੱਖਦਾ ਹੈ, ਕਿਉਂਕਿ ਇਸੇ ਦਿਨ ਨੇਪਾਲ ਸੰਮਤ ਵਿੱਚ ਨਵਾਂ ਸਾਲ ਆਰੰਭ ਹੁੰਦਾ ਹੈ।

ਸਿੱਖਾਂ ਵੱਲੋਂ ਦੀਵਾਲੀ ਦਾ ਤਿਉਹਾਰ ਬੰਦੀ ਛੋੜ ਦਿਵਸ ਵਜੋਂ ਮਨਾਇਆ ਜਾਂਦਾ ਹੈ। ਗੁਰੂ ਘਰ ਦੇ ਵਿਰੋਧੀਆਂ ਦੀਆਂ ਝੂਠੀਆਂ ਸ਼ਿਕਾਇਤਾਂ ਉੱਤੇ ਮੁਗਲ ਬਾਦਸ਼ਾਹ ਜਹਾਂਗੀਰ ਵੱਲੋਂ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕੀਤੇ ਗਏ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੀਵਾਲੀ ਵਾਲੇ ਦਿਨ ਆਪਣੇ ਨਾਲ ਕੈਦ 52 ਰਾਜਪੂਤ ਰਾਜਿਆਂ ਨੂੰ ਬੰਦੀ ਮੁਕਤ ਕਰਵਾ ਕੇ ਵਾਪਸ ਆਏ ਸਨ। ਉਨ੍ਹਾਂ ਦੇ ਪਰਤਣ ਤੇ ਬੰਧਨ ਮੁਕਤ ਹੋਣ ਦੀ ਖੁਸ਼ੀ ਵਿੱਚ ਉਸ ਰਾਤ ਬਾਬਾ ਬੁੱਢਾ ਜੀ ਦੇ ਹੁਕਮ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਅਤੇ ਪੂਰੇ ਅੰਮ੍ਰਿਤਸਰ ਸ਼ਹਿਰ ਵਿੱਚ ਦੀਪਮਾਲਾ ਕੀਤੀ ਗਈ ਸੀ।



ਸ਼ਹੀਦ ਬਿਲਾਸ, ਭਾਈ ਸੇਵਾ ਸਿੰਘ ਭੱਟਕਰੀ (ਗੁਰਮੁਖੀ 'ਚ ਉਤਾਰਾ ਸ੍ਰੀ ਛੱਜੂ ਸਿੰਘ) ਅਨੁਸਾਰ ਭਾਈ ਮਨੀ ਸਿੰਘ ਨੇ 1733 ਦੀ ਦੀਵਾਲੀ ਦੇ ਮੇਲੇ ਦੀ ਦਸ ਦਿਨਾਂ ਲਈ ਭਾਈ ਸੂਰਤ ਸਿੰਘ ਸੂਰੀ ਅਤੇ ਭਾਈ ਸੁਬੇਗ ਸਿੰਘ ਜੰਭਰ ਦੀ ਮਾਰਫਤ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਂ ਪਾਸੋਂ ਦਸ ਹਜ਼ਾਰ ਰੁਪਏ ਦੇਣੇ ਕਰਕੇ ਮਨਜ਼ੂਰੀ ਪ੍ਰਾਪਤ ਕਰ ਲਈ, ਪਰ ਜਦੋਂ ਮੇਲਾ ਨੇੜੇ ਆਇਆ ਤਾਂ ਹਕੂਮਤ ਦੀ ਨੀਤ ਬਦਲ ਗਈ। ਮੁਖਬਰਾਂ ਨੇ ਸੂਬੇ ਲਾਹੌਰ ਨੂੰ ਉਕਸਾਉਣਾ ਸ਼ੁਰੂ ਕਰ ਦਿੱਤਾ ਕਿ ਮੇਲੇ ਵਿੱਚ ਇਕੱਠੇ ਹੋਏ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਮਾਰ ਮੁਕਾ ਦਿੱਤਾ ਜਾਵੇ। ਇਹ ਕਨਸੋਆਂ ਲਾਹੌਰੀ ਸਿੱਖਾਂ ਰਾਹੀਂ ਭਾਈ ਮਨੀ ਸਿੰਘ ਅਤੇ ਬਾਹਰਲੇ ਸਿੰਘਾਂ ਕੋਲ ਪੁੱਜ ਗਈਆਂ, ਜਿਸ ਕਾਰਨ ਮੇਲੇ ਵਿੱਚ ਰੁਕਾਵਟ ਪੈ ਗਈ ਅਤੇ ਕੋਈ ਵੀ ਸਿੰਘ ਦੀਵਾਲੀ ਸਮੇਂ ਅੰਮ੍ਰਿਤਸਰ ਦਰਸ਼ਨਾਂ ਲਈ ਨਾ ਆ ਸਕਿਆ। ਇਸ ਕਾਰਨ ਕੋਈ ਭੇਟਾ ਨਾ ਚੜ੍ਹਨ 'ਤੇ ਸੂਬੇ ਨੂੰ ਦਸ ਹਜ਼ਾਰ ਰੁਪਏ ਨਾ ਦਿੱਤੇ ਜਾ ਸਕੇ। ਟੈਕਸ ਦੀ ਰਕਮ ਅਦਾ ਨਾ ਕਰਨ ਦੇ ਦੋਸ਼ ਵਿੱਚ ਭਾਈ ਜੀ ਤੇ ਹੋਰ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਜਾਇਆ ਗਿਆ ਅਤੇ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ।

ਸਿੱਖ ਇਤਿਹਾਸ ਵਿੱਚ ਇਹ ਵੀ ਦਰਜ ਹੈ ਕਿ 10 ਅਪ੍ਰੈਲ 1762 ਨੂੰ ਅਹਿਮਦ ਸ਼ਾਹ ਅਬਦਾਲੀ ਨੇ ਹਰਿਮੰਦਰ ਸਾਹਿਬ ਦੀਆਂ ਨੀਹਾਂ ਹੇਠ ਬਾਰੂਦ ਦੇ ਕੁੱਪੇ ਰੱਖਵਾ ਕੇ ਸੱਚਖੰਡ ਦੀ ਇਮਾਰਤ ਨੂੰ ਜ਼ਮੀਨਦੋਜ਼ ਕਰਨ ਅਤੇ ਸਰੋਵਰ ਦੀ ਪਵਿੱਤਰਤਾ ਭੰਗ ਕਰਨ ਤੋਂ ਬਾਅਦ ਦੀਵਾਲੀ ਵਾਲੇ ਦਿਨ ਵੱਡੀ ਗਿਣਤੀ ਵਿੱਚ ਸਿੰਘ ਸ੍ਰੀ ਹਰਿਮੰਦਰ ਸਾਹਿਬ ਇਕੱਠੇ ਹੋਏ ਅਤੇ ਪਵਿੱਤਰ ਸਰੋਵਰ ਦੀ ਕਾਰ ਸੇਵਾ ਆਰੰਭੀ ਗਈ।

ਦੀਵਾਲੀ ਦੇ ਦਿਨ ਹੀ ਆਰੀਆ ਸਮਾਜ ਦੇ ਸੰਸਥਾਪਕ ਮਹਾਰਿਸ਼ੀ ਦਯਾਨੰਦ ਨੇ ਅਜਮੇਰ ਨੇੜੇ 30 ਅਕਤੂਬਰ 1831 ਨੂੰ ਆਪਣੇ ਪ੍ਰਾਣ ਤਿਆਗੇ। ਇਸੇ ਦਿਨ ਗੁਜਰਾਂਵਾਲਾ (ਪਾਕਿਸਤਾਨ) ਵਿੱਚ ਜਨਮੇ ਸਵਾਮੀ ਰਾਮ ਤੀਰਥ 26 ਸਾਲ ਦੀ ਉਮਰ ਵਿੱਚ ਸਨਿਆਸੀ ਬਣੇ ਤੇ ਦੀਵਾਲੀ ਵਾਲੇ ਦਿਨ ਹੀ ਗੰਗਾ ਵਿੱਚ 'ਓਮ' ਸ਼ਬਦ ਦਾ ਉਚਾਰਨ ਕਰਦਿਆਂ ਉਨ੍ਹਾਂ ਜਲ ਸਮਾਧੀ ਲਈ।

ਦੀਵਾਲੀ ਨੂੰ ਹਿੰਦੂਆਂ ਤੇ ਸਿੱਖਾਂ ਸਮੇਤ ਦੂਜੇ ਧਰਮਾਂ ਦੇ ਲੋਕਾਂ ਦੁਆਰਾ ਸਾਂਝੇ ਰੂਪ ਵਿੱਚ ਮਨਾਏ ਜਾਣ ਕਰਕੇ ਇਹ ਤਿਉਹਾਰ ਕਿਸੇ ਇਕ ਸਮੂਹ ਦਾ ਨਾ ਹੋ ਕੇ ਪੂਰੇ ਰਾਸ਼ਟਰ ਦਾ ਸਾਂਝਾ ਤਿਉਹਾਰ ਬਣ ਚੁੱਕਿਆ ਹੈ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
-
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਭਾਰਤ ਦੇ ਨਵੇਂ ਜੰਗੀ ਗਰੁੱਪ ਪਾਕਿਸਤਾਨ ਅਤੇ ਚੀਨ ਦਾ ਸਾਹਮਣਾ ਕਰਨਗੇ : ਰਾਵਤ



ਨਵੀਂ ਦਿੱਲੀ, 5 ਨਵੰਬਰ (ਪੋਸਟ ਬਿਊਰੋ)- ਭਾਰਤੀ ਫੌਜ ਦੀ ਮੌਜੂਦਾ ਤਾਇਨਾਤੀ ਅਤੇ ਤਿਆਰੀਆਂ ਵਿੱਚ ਵੱਡੇ ਬਦਲਾਅ ਤਹਿਤ 'ਇੰਟੈਗ੍ਰੇਟਿਡ ਬੈਟਲ ਗਰੁੱਪ' (ਆਈ ਬੀ ਜੀ) ਅਰਥਾਤ ਸੰਗਠਿਤ ਲੜਾਕੇ ਗਰੁੱਪ ਬਣਾਉਣ ਦੀ ਯੋਜਨਾ ਹੈ। ਹਰ ਤਰ੍ਹਾਂ ਦੇ ਜੰਗੀ ਸਾਮਾਨ ਨਾਲ ਲੈਸ ਇਨ੍ਹਾਂ ਆਈ ਬੀ ਜੀ ਨੂੰ ਪੱਛਮੀ ਅਤੇ ਉਤਰੀ ਸਰਹੱਦ 'ਤੇ ਪਹਿਲਾਂ ਤਾਇਨਾਤ ਕੀਤਾ ਜਾਵੇਗਾ। ਫੌਜ ਦੇ ਮੁਖੀ ਜਨਰਲ ਬਿਪਿਨ ਰਾਵਤ ਨੇ ਵਿਸ਼ੇਸ਼ ਗੱਲਬਾਤ ਵਿੱਚ ਕਿਹਾ, 'ਅਸੀਂ ਫੌਜ ਨੂੰ ਭਵਿੱਖ ਦੀ ਹਰ ਲੋੜ ਲਈ ਤਿਆਰ ਰੱਖਣ ਦਾ ਕੰਮ ਕਰ ਰਹੇ ਹਾਂ। ਸਾਡੇ ਸੰਸਥਾਗਤ ਪੁਰਾਣੇ ਢਾਂਚੇ ਵਿੱਚ ਬਦਲਾਅ ਦੀ ਲੋੜ ਹੈ।'

ਫੌਜ ਵਿੱਚ ਬਦਲਾਅ ਤੇ ਢਾਂਚਾਗਤ ਸੁਧਾਰਾਂ ਬਾਰੇ ਪੁੱਛਣ 'ਤੇ ਜਨਰਲ ਰਾਵਤ ਨੇ ਕਿਹਾ, 'ਅਸੀਂ ਜਲਦੀ ਆਈ ਬੀ ਜੀ ਨੂੰ 'ਟੈਸਟ ਬੈਡ' ਕਰਨ ਜਾ ਰਹੇ ਹਾਂ। ਮੇਰਾ ਸੁਝਾਅ ਹੈ ਕਿ ਕੀ ਜੰਗ ਦੇ ਸਮੇਂ 'ਚ 'ਸੰਗਠਤ' ਹੋਣ ਵਿੱਚ ਲੱਗਣ ਵਾਲਾ ਸਮਾਂ ਬਚਾਉਣ ਲਈ ਅਸੀਂ ਸ਼ਾਂਤੀ ਦੇ ਸਮੇਂ ਵਿੱਚ ਇਕੱਠੇ ਹੋ ਸਕਦੇ ਹਾਂ। ਵੱਖ-ਵੱਖ ਬਟਾਲੀਅਨਾਂ ਪਹਿਲਾਂ ਹੀ ਆਪੋ-ਆਪਣੇ ਖੇਤਰਾਂ ਵਿੱਚ ਕੰਮ ਕਰ ਰਹੀਆਂ ਹਨ। ਅਸੀਂ ਚਾਹੁੰਦੇ ਹਾਂ ਕਿ ਉਹ ਸ਼ਾਂਤੀ ਸਮੇਂ ਵਿੱਚ ਵੀ ਤਿਆਰ ਰਹਿਣ।' ਵਰਨਣ ਯੋਗ ਹੈ ਕਿ ਫੌਜ ਵਿੱਚ ਅਸਲ ਮਾਹੌਲ ਵਿੱਚ ਨਵੇਂ ਤਜਰਬੇ ਕਰਨ ਲਈ 'ਟੈਸਟ ਬੈਡ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਪੁੱਛੇ ਜਾਣ ਉਤੇ ਕਿ ਕੀ ਆਈ ਬੀ ਜੀ ਰਵਾਇਤੀ ਬ੍ਰਿਗੇਡ (3-4 ਬਟਾਲੀਅਨ ਜਾਂ 3500 ਫੌਜੀਆਂ) ਦਾ ਵੱਡਾ ਰੂਪ ਹੋਵੇਗਾ, ਜਨਰਲ ਰਾਵਤ ਨੇ ਕਿਹਾ ਕਿ ਅਸੀਂ ਦੋ ਤਰ੍ਹਾਂ ਦੇ ਆਈ ਬੀ ਜੀ ਬਾਰੇ ਸੋਚ ਰਹੇ ਹਾਂ। ਪਹਾੜੀ ਇਲਾਕੇ (ਚੀਨ ਦੇ ਸਾਹਮਣੇ ਹਿਮਾਲਾ) ਲਈ ਛੋਟੇ ਤੇ ਮੈਦਾਨੀ ਇਲਾਕਿਆਂ (ਪਾਕਿਸਤਾਨ ਸਾਹਮਣੇ) ਲਈ ਵੱਡੇ ਗਰੁੱਪ ਦੀ ਯੋਜਨਾ ਹੈ। ਇਨ੍ਹਾਂ ਦੀ ਗਿਣਤੀ ਬਾਰੇ ਉਨ੍ਹਾਂ ਕਿਹਾ, 'ਅਸੀਂ ਟੈਸਟ ਬੈਡ ਦੇ ਬਾਅਦ ਇਸ ਬਾਰੇ ਦੱਸ ਸਕਾਂਗੇ। ਫਿਲਹਾਲ ਇੰਨਾ ਦੱਸ ਸਕਦਾ ਹਾਂ ਕਿ 8-10 ਆਈ ਬੀ ਜੀ ਪੱਛਮ ਤੇ ਇੰਨੇ ਹੀ ਉਤਰ ਵਿੱਚ ਹੋਣਗੇ।'

## ਸਖ਼ਤ ਸੁਰੱਖਿਆ ਹੇਠ ਸ਼ਬਰੀਮਾਲਾ ਮੰਦਰ ਦੇ ਦੁਆਰ ਖੋਲ੍ਹੇ, ਔਰਤ ਕੋਈ ਨਹੀਂ ਜਾ ਸਕੀ

ਸ਼ਬਰੀਮਾਲਾ, 5 ਨਵੰਬਰ, (ਪੋਸਟ ਬਿਊਰੋ)- ਅੱਜ ਸ਼ਾਮ ਏਥੇ ਆਯੱਪਾ ਮੰਦਰ ਵਿਚ ਸਖ਼ਤ ਸੁਰੱਖਿਆ ਪ੍ਰਬੰਧਾਂ ਦੌਰਾਨ ਦੋ ਦਿਨਾਂ ਦੀ ਵਿਸ਼ੇਸ਼ ਪੂਜਾ ਅਰਚਨਾ ਲਈ ਦੁਆਰ ਖੋਲ੍ਹੇ ਗਏ। ਵਰਨਣ ਯੋਗ ਹੈ ਕਿ ਤਿੰਨ ਹਫ਼ਤੇ ਪਹਿਲਾਂ ਸੁਪਰੀਮ ਕੋਰਟ ਨੇ ਇਸ ਮੰਦਰ ਵਿਚ ਔਰਤਾਂ ਨੂੰ ਮੱਥਾ ਟੇਕਣ ਦਾ ਹੱਕ ਦੇ ਦਿੱਤਾ ਸੀ।

ਕੁਝ ਦਿਨ ਬੰਦ ਰਹਿਣ ਪਿੱਛੋਂ ਅੱਜ ਜਦੋਂ ਮੰਦਰ ਦੇ ਦੁਆਰ ਖੋਲ੍ਹੇ ਗਏ ਤਾਂ ਇਸ ਦੇ ਆਸ ਪਾਸ 10-50 ਸਾਲ ਦੀ ਉਮਰ ਦੀ ਕੋਈ ਔਰਤ ਨਜ਼ਰ ਨਹੀਂ ਆਈ। ਪੁਲੀਸ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਹੈ ਕਿ 25 ਸਾਲ ਦੀ ਇਕ ਔਰਤ ਆਪਣੇ ਪਤੀ ਅਤੇ ਬੱਚਿਆਂ ਨਾਲ ਮੰਦਰ ਨੂੰ ਆ ਰਹੀ ਹੈ। ਉਸ ਦੀ ਪਛਾਣ ਅੰਜੂ ਅਲਾਪੁੜਾ ਜ਼ਿਲੇ ਦੇ ਚੇਰਥਾਲਾ ਦੀ ਵਾਸੀ ਵਜੋਂ ਹੋਈ ਹੈ, ਜੋ ਪੁਲੀਸ ਕੰਟਰੋਲ ਰੂਮ ਪੁੱਜ ਗਈ ਹੈ। ਉਹ ਸ਼ਬਰੀਮਾਲਾ ਮੰਦਰ ਵਿੱਚ ਮੱਥਾ ਟੇਕਣ ਲਈ ਪੁਲੀਸ ਤੋਂ ਸੁਰੱਖਿਆ ਮੰਗ ਰਹੀ ਹੈ, ਪਰ ਇਸ ਬਾਰੇ ਫੈਸਲਾ ਨਹੀਂ ਹੋ ਸਕਿਆ। ਚੱਪੇ ਚੱਪੇ ’ਤੇ ਪੁਲੀਸ ਦਾ ਪਹਿਰਾ ਹੈ ਤੇ ਬਹੁਤ ਸਾਰੀਆਂ ਥਾਵਾਂ ’ਤੇ ਸਰਵੇਲੈਂਸ ਕੈਮਰੇ ਤੇ ਮੋਬਾਈਲ ਫੋਨ ਜੈਮਰ ਲਾਏ ਗਏ ਹਨ।

ਆਯੱਪਾ ਮੰਦਰ ਦੇ ਮੁੱਖ ਪੁਜਾਰੀ ਕੰਦਾਰਾਰੂ ਰਾਜੀਵਰੂ ਤੇ ਊਨੀਕ੍ਰਿਸ਼ਨਨ ਨੰਬੂਦਰੀ ਦੋਵਾਂ ਨੇ ਸ਼ਾਮ ਪੰਜ ਵਜੇ ਮੰਦਰ ਦੇ ਦੁਆਰ ਖੋਲ੍ਹੇ ਤਾਂ ਇਸ ਮੌਕੇ ਕਈ ਭਾਜਪਾ ਆਗੂ ਅਤੇ ਅਯੱਪਾ ਧਰਮ ਸੈਨਾ ਦੇ ਮੁਖੀ ਰਾਹੁਲ ਈਸ਼ਵਰ ਓਥੇ ਸਨ। ਇਸ ਦੌਰਾਨ ਕੁਝ ਟੀ ਵੀ ਚੈਨਲਾਂ ਨੇ ਇਕ ਵੀਡੀਓ ਕਲਿਪ ਪੇਸ਼ ਕੀਤੀ ਹੈ, ਜਿਸ ਵਿਚ ਕੇਰਲਾ ਦੀ ਭਾਜਪਾ ਦੇ ਪ੍ਰਧਾਨ ਪੀ ਐਸ ਸ੍ਰੀਧਰਨ ਪਿੱਲੇ ਇਹ ਕਹਿੰਦੇ ਸੁਣਾਈ ਦੇਂਦੇ ਹਨ ਕਿ ਸ਼ਬਰੀਮਾਲਾ ਮੰਦਰ ਦੇ ਮੁੱਖ ਪੁਜਾਰੀ ਨੇ ਉਨ੍ਹਾਂ ਨਾਲ ਸਲਾਹ ਕਰ ਕੇ ਧਮਕੀ ਦਿੱਤੀ ਸੀ ਕਿ ਜੇ ਮਾਹਵਾਰੀ ਦੀ ਉਮਰ ਦੀਆਂ ਔਰਤਾਂ ਮੱਥਾ ਟੇਕਣ ਆਈਆਂ ਤਾਂ ਉਹ ਮੰਦਰ ਦੇ ਦਰਵਾਜ਼ੇ ਬੰਦ ਕਰਵਾ ਦੇਣਗੇ। ਪਿੱਲੇ ਨੇ ਐਤਵਾਰ ਕੋਜ਼ੀਕੋਡ ਵਿਚ ਭਾਜਪਾ ਯੁਵਾ ਮੋਰਚੇ ਦੇ ਸਮਾਗਮ ’ਚ ਇਹ ਟਿੱਪਣੀ ਕੀਤੀ ਸੀ, ਜਿਸ ਉੱਤੇ ਸੱਤਾਧਾਰੀ ਸੀ ਪੀ ਆਈ (ਐਮ) ਅਤੇ ਕਾਂਗਰਸ ਪਾਰਟੀ ਨੇ ਸਖ਼ਤ ਇਤਰਾਜ਼ ਕੀਤਾ ਹੈ। ਵੀਡੀਓ ਵਿਚ ਪਿੱਲੇ ਕਹਿ ਰਹੇ ਹਨ ਕਿ ਆਯੱਪਾ ਮੰਦਰ ਦੇ ਪੁਜਾਰੀ ਨੇ ਉਨ੍ਹਾਂ ਤੋਂ ਪੁੱਛਿਆ ਕਿ ਜੇ ਮਹਿਲਾ ਸ਼ਰਧਾਲੂਆਂ ਨੂੰ ਦੇਖ ਕੇ ਮੰਦਰ ਦੇ ਦਰਵਾਜ਼ੇ ਬੰਦ ਕਰ ਦਿੱਤੇ ਤਾਂ ਕੀ ਸੁਪਰੀਮ ਕੋਰਟ ਦੇ ਹੁਕਮਾਂ ਦਾ ਨਿਰਾਦਰ ਹੋਵੇਗਾ। ਪਿੱਲੇ ਨੇ ਕਿਹਾ ਕਿ ਨਹੀਂ, ਬਿਲਕੁਲ ਨਹੀਂ, ਹਜ਼ਾਰਾਂ ਸ਼ਰਧਾਲੂ ਉਨ੍ਹਾਂ ਦੇ ਨਾਲ ਹਨ। ਉਨ੍ਹਾਂ ਕਿਹਾ ਕਿ ਸ਼ਾਂਤੀ ਸਾਡੀ ਤਾਕਤ ਹੈ, ਕਮਜ਼ੋਰੀ ਨਹੀਂ।

## ਮੋਬਾਈਲ ਫੋਨ ਦੀ ਰੇਡੀਓ ਫ੍ਰੀਕਿਵੈਂਸੀ ਨਾਲ ਚੂਹਿਆਂ ਵਿੱਚ ਕੈਂਸਰ ਲੱਭਾ, ਮਨੁੱਖਾਂ ਵਿੱਚ ਨਹੀਂ

ਮੈਸਾਸੁਚੈਸਟ, 5 ਨਵੰਬਰ (ਪੋਸਟ ਬਿਊਰੋ)- ਅਮਰੀਕਾ 'ਚ ਪਿੱਛੇ ਜਿਹੇ ਮਾਹਰਾਂ ਵੱਲੋਂ ਕੀਤੀ ਖੋਜ ਦੇ ਮੁਤਾਬਕ ਮੋਬਾਈਲ ਫੋਨ ਦੀਆਂ ਰੇਡੀਓ ਫ੍ਰੀਕਿਵੈਂਸੀ ਕਿਰਨਾਂ ਨਾਲ ਚੂਹਿਆਂ 'ਚ ਕੈਂਸਰ ਪਾਇਆ ਗਿਆ ਹੈ, ਮਨੁੱਖਾਂ 'ਚ ਨਹੀਂ। ਖੋਜ 'ਚ ਸ਼ਾਮਲ ਕੀਤਾ ਗਿਆ ਹੈ ਕਿ ਮੋਬਾਈਲ ਫੋਨ ਦੀਆਂ ਉਚ ਦਰਜੇ ਦੀਆਂ ਰੇਡੀਓ ਫ੍ਰੀਕਿਵੈਂਸੀ ਕਿਰਨਾਂ ਚੂਹਿਆਂ 'ਚ ਕੈਂਸਰ ਬਣਨ ਵਾਲੇ ਟਿਊਮਰ ਨੂੰ ਪੈਦਾ ਕਰਦੀਆਂ ਹਨ।



ਮਿਲੀ ਜਾਣਕਾਰੀ ਅਨੁਸਾਰ ਇਹ ਖੋਜ 10 ਸਾਲ ਪਹਿਲਾਂ ਉਸ ਵੇਲੇ ਸ਼ੁਰੂ ਹੋਈ ਸੀ, ਜਦ ਅਮਰੀਕਾ ਦੇ ਨੈਸ਼ਨਲ ਟਾਕਸੀਕੋਲੋਜੀ ਪ੍ਰੋਗਰਾਮ (ਐਨ ਪੀ ਟੀ) ਨੂੰ ਆਰ ਐਫ ਆਰ ਦੇ ਪ੍ਰਭਾਵਾਂ 'ਤੇ ਖੋਜ ਕਰਨ ਲਈ ਸ਼ਾਮਲ ਕੀਤਾ ਗਿਆ ਸੀ। ਇਹ ਪ੍ਰੋਗਰਾਮ ਅਮਰੀਕੀ ਯੂਨੀਵਰਸਿਟੀ ਫਾਰ ਹੈਲਥ ਦੇ ਨੈਸ਼ਨਲ ਇੰਸਟੀਚਿਊਟ ਆਫ ਇਨਵਾਇਰਨਮੈਂਟਲ ਹੈਲਥ ਸਾਇੰਸਜ਼ ਦੇ ਤਹਿਤ ਸ਼ੁਰੂ ਕੀਤਾ ਗਿਆ ਸੀ। ਰਿਪੋਰਟ ਦੇ ਅਨੁਸਾਰ ਐਨ ਪੀ ਟੀ ਨੇ ਖੋਜ 'ਚ ਚੂਹਿਆਂ ਨੂੰ ਜਿੰਨੇ ਰੇਡੀਏਸ਼ਨ 'ਚ ਰੱਖਿਆ, ਉਹ ਔਸਤ ਮੋਬਾਈਲ ਫੋਨ 'ਚ ਇਸਤੇਮਾਲ ਹੋਣ ਵਾਲੇ ਰੇਡੀਏਸ਼ਨ ਤੋਂ ਕਿਤੇ ਵਧੇਰੇ ਸੀ। ਐਨ ਪੀ ਟੀ ਦੇ ਵਿਗਿਆਨੀ ਜਾਨ ਬੁਸ਼ਰ ਨੇ ਕਿਹਾ ਕਿ ਖੋਜ 'ਚ ਪ੍ਰਯੋਗ ਹੋਏ ਜੋਖਮ ਨੂੰ ਮਾਨਵਾਂ ਦੁਆਰਾ ਫੋਨ ਇਸਤੇਮਾਲ ਕੀਤੇ ਜਾਣ ਦੇ ਦੌਰਾਨ ਮੌਜੂਦ ਜੋਖਮ ਨਾਲ ਸਿੱਧੇ ਤੌਰ ਉਤੇ ਨਹੀਂ ਜੋੜਿਆ ਜਾ ਸਕਦਾ। ਖੋਜ 'ਚ ਚੂਹੇ ਅਤੇ ਚੂਹੀਆਂ ਦੇ ਪੂਰੇ ਸਰੀਰ ਨੂੰ ਰੇਡੀਏਸ਼ਨ ਦੇ ਘੇਰੇ 'ਚ ਰੱਖਿਆ ਗਿਆ। ਇਸ ਦੇ ਉਲਟ ਜਦ ਲੋਕ ਹੱਥ 'ਚ ਫੋਨ ਫੜ੍ਹਦੇ ਹਨ ਤਾਂ ਜ਼ਿਆਦਾਤਰ ਆਸ ਪਾਸ ਦੇ ਟਿਸ਼ੂ ਉਤੇ ਰੇਡੀਏਸ਼ਨ ਦਾ ਪ੍ਰਭਾਵ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜਿੰਨਾ ਲੋਕ ਮਹਿਸੂਸ ਕਰਦੇ ਹਨ, ਉਸ ਤੋਂ ਕਿਤੇ ਵੱਧ ਰੇਡੀਏਸ਼ਏਨ ਚੋਖੇ ਸਮੇਂ ਤੱਕ ਸਾਡੇ ਪ੍ਰਯੋਗ 'ਚ ਇਸਤੇਮਾਲ ਕੀਤਾ ਗਿਆ। ਖੋਜ 'ਚ ਸ਼ਾਮਲ ਮਾਈਕਲ ਵੈਡ ਨੇ ਕਿਹਾ ਕਿ ਸਾਡੀ ਖੋਜ ਦਾ ਮਜਬੂਤ ਪੱਖ ਇਹ ਸੀ ਕਿ ਅਸੀਂ ਜਾਨਵਰਾਂ 'ਚ ਵਰਤੇ ਜਾਣ ਵਾਲੇ ਰੈਡੀਏਸ਼ਨ ਦੀ ਮਾਤਰਾ ਕੰਟਰੋਲ ਕਰਨ 'ਚ ਸਫਲ ਰਹੇ। ਇਹ ਇਨਸਾਨ ਦੇ ਫੋਨ ਤੋਂ ਪੈਦਾ ਹੋਈਆਂ ਰੈਡੀਏਸ਼ਨ ਕਿਰਨਾਂ ਨਾਲ ਸੰਭਵ ਨਹੀਂ ਹੋ ਸਕਦਾ।

## ਈ-ਕਾਮਰਸ ਕੰਪਨੀ ਨੂੰ ਅਦਾਲਤ ਦੀ ਝਾੜ: ਯਕੀਨੀ ਬਣਾਓ ਕਿ ਸਾਮਾਨ ਨਕਲੀ ਨਹੀਂ

ਨਵੀਂ ਦਿੱਲੀ, 5 ਨਵੰਬਰ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਈ-ਕਾਮਰਸ ਕੰਪਨੀ ਨੂੰ ਇਹ ਯਕੀਨੀ ਕਰਨ ਲਈ ਕਿਹਾ ਹੈ ਕਿ ਉਨ੍ਹਾਂ ਦੇ ਪਲੇਟਫਾਰਮ 'ਤੇ ਵਿਕਣ ਲਈ ਰੱਖਿਆ ਸਾਮਾਨ ਅਸਲੀ ਹੋਵੇ।

ਅਦਾਲਤ ਨੇ ਈ-ਕਾਮਰਸ ਕੰਪਨੀਆਂ ਦੀ ਵੈੱਬਸਾਈਟ 'ਤੇ ਲੋਕਪ੍ਰਿਯ ਬਰਾਂਡ ਦੇ ਨਕਲੀ ਸਾਮਾਨਾਂ ਦੀ ਵਿਕਰੀ 'ਤੇ ਲਗਾਮ ਲਾਉਣ ਦੇ ਇਰਾਦੇ ਨਾਲ ਇਹ ਕਦਮ ਚੁੱਕਿਆ ਹੈ। ਜਸਟਿਸ ਪ੍ਰਤਿਭਾ ਐੱਮ ਸਿੰਘ ਦੀ ਬੈਂਚ ਨੇ ਨਿਰਦੇਸ਼ ਜਾਰੀ ਕਰਦੇ ਹੋਏ ਕਿਹਾ ਕਿ ਈ-ਕਾਮਰਸ ਦੀ ਦੁਨੀਆ ਵਿੱਚ ਟਰੇਡ ਮਾਰਕ ਮਾਲਕਾਂ ਸਾਹਮਣੇ ਚੁਣੌਤੀਆਂ ਹਨ ਕਿਉਂਕਿ ਨਿਯਮਾਂ ਦੀ ਉਲੰਘਣਾ ਕਰ ਕੇ ਉਤਪਾਦ ਵੇਚਣ ਵਾਲੇ ਵਿਕਰੇਤਾ ਈ-ਕਾਮਰਸ ਪਲੇਟਫਾਰਮ ਦੀ ਵੈਧਤਾ ਦੀ ਆੜ 'ਚ ਕੰਮ ਕਰਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜਿਹੜੀ ਸਾਈਟ ਨਕਲੀ ਸਾਮਾਨ ਵੇਚਣ ਵਰਗੇ ਗੈਰ ਕਾਨੂੰਨੀ ਕੰਮਾਂ ਵਿੱਚ ਸ਼ਾਮਲ ਹੈ ਜਾਂ ਉਸ ਨੂੰ ਉਤਸ਼ਾਹ ਦਿੰਦੇ ਤੇ ਸਾਜ਼ਿਸ਼ ਕਰਦੇ ਹਨ, ਉਨ੍ਹਾਂ ਨੂੰ ਛੱਡਿਆ ਨਹੀਂ ਜਾ ਸਕਦਾ। ਅਦਾਲਤ ਨੇ ਕਿਹਾ, ਈ ਕਾਮਰਸ ਦੀ ਦੁਨੀਆ ਵਿੱਚ ਬੌਧਿਕ ਜਾਇਦਾਦ ਮਾਲਕਾਂ ਲਈ ਸਮਾਂ ਚੁਣੌਤੀ ਭਰਪੂਰ ਹੈ। ਇਸ ਦਾ ਕਾਰਨ ਨਕਲੀ ਸਾਮਾਨ ਵੇਚਣ ਵਾਲੇ ਵਿਕਰੇਤਾ ਪਲੇਟਫਾਰਮ ਦੀ ਵੈਧਤਾ ਤੇ ਭਰੋਸੇਯੋਗਤਾ ਦੀ ਆੜ ਵਿੱਚ ਕੰਮ ਕਰਦੇ ਹਨ। ਅਦਾਲਤ ਨੇ ਕਿਹਾ ਕਿ ਇਹ ਕਹਿਣ ਦੀ ਜ਼ਰੂਰਤ ਨਹੀਂ ਕਿ ਈ-ਕਾਮਰਸ ਵੈੱਬਸਾਈਟਾਂ ਤੇ ਆਨਲਾਈਨ ਬਾਜ਼ਾਰ ਜੇ ਪ੍ਰਾਪਤ ਛੋਟ ਦੇ ਲਾਭ ਨਾਲ ਰਹਿਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਧਿਆਨ ਨਾਲ ਕੰਮ ਕਰਨ ਦੀ ਲੋੜ ਹੈ।

## ਲਾਵਾਰਸਾਂ-ਅਪਾਹਜਾਂ ਦੀ ਸੇਵਾ ਨੂੰ ਸਮਰਪਿਤ ਡਾ. ਮਾਂਗਟ 16 ਤੋਂ 19 ਨਵੰਬਰ ਤੱਕ ਬਰੈਂਪਟਨ-ਮਿਸੀਸਾਗਾ ’ਚ

ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਰਾਭਾ ਨਜ਼ਦੀਕ ਬਣੇ “ਗੁਰੂ ਅਮਰਦਾਸ ਅਪਾਹਜ ਆਸ਼ਰਮ” ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਸੰਗਤਾਂ ਨਾਲ ਵਿਚਾਰ ਸਾਂਝੇ ਕਰਨ ਲਈ 16 ਤੋਂ 19 ਨਵੰਬਰ ਤੱਕ ਸਿੰਘ ਸਭਾ ਗੁਰਦੁਵਾਰਾ ਮਾਲਟਨ ਵਿਖੇ ਪਹੁੰਚ ਰਹੇ ਹਨ । ਪੀ. ਏ. ਯੂ. ਲੁਧਿਆਣਾ, ਯੂਨੀਵਰਸਿਟੀ ਆਫ਼ਓਮਪ; ਵਿੰਡਸਰ ਅਤੇ ਮੌਰੀਸਨ ਸਾਇੰਟਿਫਿਕ ਕੈਲਗਰੀ ਵਿੱਚ ਰਹਿ ਚੁੱਕੇ ਸਟੈਟਿਸਟਿਕਸ ਦੇ ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ



ਸੜਕ ਕਿਨਾਰੇ ਇੱਕ ਲਾਵਾਰਸ ਬਿਮਾਰ ਨੂੰ ਚੁੱਕਦੇ ਹੋਏ ਡਾ. ਮਾਂਗਟ।


ਡਾ. ਮਾਂਗਟ ਨੇ ਕਈ ਸਾਲ ਸਾਇਕਲ ਤੇ ਫਿਰਕੇ ਲੁਧਿਆਣਾ ਸ਼ਹਿਰ ਵਿੱਚ ਸੜਕਾਂ ਕੰਢੇ ਪਏ ਬਿਮਾਰੀਆਂ ਨਾਲ ਪੀੜਤ ਗ਼ਰੀਬ, ਬੇਘਰ, ਬੇਸਹਾਰਾ, ਲਾਵਾਰਸਾਂ, ਅਪਾਹਜਾਂ ਦੀ ਸੇਵਾ ਵੀ ਕੀਤੀ ਅਤੇ ਅਜਿਹੇ ਬੇਸਹਾਰਾ ਲੋੜਵੰਦਾਂ ਦੀ ਹੋਰ ਬਿਹਤਰ ਢੰਗ ਨਾਲ ਸੇਵਾ-ਸੰਭਾਲ ਕਰਨ ਲਈ ਸੰਗਤਾਂ ਦੇ ਸਹਿਯੋਗ ਨਾਲ ਸਰਾਭਾ-ਸਹੌਲੀ-ਅੱਬੂਵਾਲ ਪਿੰਡਾਂ ਦੇ ਵਿਚਕਾਰ ਦੋ ਮੰਜ਼ਲਾ “ਗੁਰੂ ਅਮਰਦਾਸ ਅਪਾਹਜ ਆਸ਼ਰਮ” ਤਿਆਰ ਕਰਵਾਇਆ । ਇਹ ਇੱਕ ਰਜਿਸਟਰਡ ਅਤੇ ਚੈਰੀਟੇਬਲ ਸੰਸਥਾ ਹੈ । ਸਾਰੀ ਜਮੀਨ-ਜਾਇਦਾਦ ਆਸ਼ਰਮ ਦੇ ਨਾਮ ਹੈ। ਇਸ ਆਸ਼ਰਮ ਵਿੱਚ 85-90 ਦੇ ਕਰੀਬ ਲਾਵਾਰਸ, ਬੇਘਰ, ਬੇਸਹਾਰਾ, ਅਪਾਹਜ, ਨੇਤਰਹੀਣ, ਅਧਰੰਗ ਦੀ ਬਿਮਾਰੀ ਨਾਲ ਪੀੜਤ ਅਤੇ ਦਿਮਾਗੀ ਸੰਤੁਲਨ ਗੁਆ ਚੁੱਕੇ ਲੋੜਵੰਦ ਰਹਿੰਦੇ ਹਨ । ਇਹਨਾਂ ਵਿੱਚੋਂ 20-22 ਅਜਿਹੇ ਹਨ ਜਿਹੜੇ ਪੂਰੀ ਹੋਸ਼- ਹਵਾਸ਼ ਨਾ ਹੋਣ ਕਾਰਨ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ । ਆਸ਼ਰਮ ਵਿੱਚ ਰਹਿਣ ਵਾਲੇ ਸਾਰੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫ਼ਤ ਮਿਲਦੀ ਹੈ । ਕਿਸੇ ਵੀ ਲੋੜਵੰਦ ਕੋਲੋਂ ਕੋਈ ਵੀ ਫ਼ਓਮਪ;ੀਸ ਜਾਂ ਖ਼ਰਚਾ ਨਹੀਂ ਲਿਆ ਜਾਂਦਾ। ਹੋਰ ਜਾਣਕਾਰੀ ਲਈ ਡਾ. ਮਾਂਗਟ ਨਾਲ ਕੈਨੇਡਾ ਵਿੱਚ ਸੈੱਲ 403-401-8787 ਤੇ, ਇੰਡੀਆ ਵਿੱਚ ਮੋਬਾਇਲ 95018-42505 ਤੇ ਜਾਂ ਈ-ਮੇਲ nsmangat14@hotmail.com `ਤੇ ਸੰਪਰਕ ਕੀਤਾ ਜਾ ਸਕਦਾ ਹੈ।

PUNJABI RANG RADIO



CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648




KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਉ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6

# ਵਿਅੰਗ

## ਅੱਖ ਦੀ ਸ਼ਰਮ

-ਕੇ ਐੱਲ ਗਰਗ

ਸਾਡਾ ਮਿੱਤਰ ਨਘੋਚੀ ਰਾਮ ਅਖਬਾਰਾਂ ਵਿੱਚ ਛਪੀਆਂ ਸੁੰਦਰ, ਮਨਮੋਹਣੀਆਂ ਤਸਵੀਰਾਂ ਦੇਖ-ਦੇਖ ਚਿੜਨ ਲੱਗ ਪੈਂਦਾ ਹੈ। ਬੁੜਬੁੜ ਕਰਦਿਆਂ ਆਖਣ ਲੱਗੇਗਾ, 'ਦੇਖੋ, ਦੇਖੋ, ਕਿਵੇਂ ਅੱਖਾਂ ਪੱਟ-ਪੱਟ ਝਾਕਦੈ। ਜਿਵੇਂ ਕਿਸੇ ਮਾਸ਼ੂਕ ਵੱਲ ਦੇਖ ਰਿਹਾ ਹੋਵੇ। ਜਿਵੇਂ ਮਾਂ ਨੇ ਹੁਣੇ-ਹੁਣੇ ਮੱਖਣੀ ਨਾਲ ਟੁੱਕ ਖੁਆਇਆ ਹੋਵੇ। ਕਿਵੇਂ ਜਵਾਨੀ ਡਲ੍ਹਕਾਂ ਮਾਰਦੀ ਐ। ਡੁੱਬ ਮਰਨ ਦੀ ਥਾਂ ਜਿਵੇਂ ਅੱਖਾਂ ਵਿੱਚ ਖੁਮਾਰੀ ਛਾਈ ਹੋਏ ਹੋਵੇ।"

ਉਸ ਨੂੰ ਕੁੜ੍ਹਦਿਆਂ ਦੇਖ ਕੇ ਅਸੀਂ ਹਮਦਰਦੀ ਨਾਲ ਪੁੱਛਦੇ ਹਾਂ : "ਨਘੋਚੀ ਰਾਮਾ, ਚੰਗੀ ਭਲੀ ਤਾਂ ਤਸਵੀਰ ਐ ਸਰਦਾਰ ਨੌਜਵਾਨ ਦੀ। ਤੂੰ ਐਵੇਂ ਉਹਦੇ 'ਚੋਂ ਕੀੜੇ ਕੱਢੀ ਜਾਨੈਂ। ਬਣਦਾ ਫੱਬਦਾ ਮੁੰਡਾ ਖੁੰਡਾ ਤਾਂ ਲੱਗਦੈ। ਹੋਰ ਫੋਟੋ ਕਿਹੋ ਜਿਹੀ ਹੁੰਦੀ ਐ ਭਲਾ?"

ਸਾਡੀ ਗੱਲ ਤੋਂ ਠੰਢਾ ਪੈਣ ਦੀ ਥਾਵੇਂ ਨਘੋਚੀ ਰਾਮ ਹੋਰ ਵੀ ਜ਼ਿਆਦਾ ਤਾਅ ਖਾ ਕੇ ਬੋਲਦਾ : "ਇਹ ਸਾਲੇ ਹੁਣ ਤਾਂ ਬੁੱਢੇ-ਖੁੱਢੇ ਹੋਏ ਪਏ ਆ। ਐਵੇਂ ਜਵਾਨੀ ਵੇਲੇ ਦੀਆਂ ਤਸਵੀਰਾਂ ਛਪਵਾ ਛਪਵਾ ਲੋਕਾਂ ਨੂੰ ਗੁੰਮਰਾਹ ਕਰੀ ਜਾਂਦੇ ਆ। ਤਰਦਾ ਤਰਦਾ ਮਾਲ ਛਕ ਕੇ ਖੁੱਚਾਂ ਨਿਕਲੀਆਂ ਪਈਆਂ ਸਹੁਰਿਆਂ ਦੀਆਂ। ਕਿਵੇਂ ਜਨਤਾ ਨੂੰ ਹਨੇਰੇ 'ਚ ਰੱਖੀ ਜਾਂਦੇ ਆ।"

"ਤੈਨੂੰ ਚਿੜ ਕਾਹਦੀ ਚੜ੍ਹਦੀ ਐ ਇਹੋ ਜਿਹੀ ਸੋਹਣੀ ਫੋਟੋ ਦੇਖ ਕੇ? ਇਹੋ ਜਿਹੀ ਸੋਹਣੀ ਫੋਟੋ ਦੇਖ ਕੇ ਤਾਂ ਬੰਦੇ ਨੂੰ ਅਸ਼ ਅਸ਼ ਕਰਨਾ ਚਾਹੀਦਾ ਹੈ ਤੇ ਤੈਨੂੰ ਚੀਹ ਚੜ੍ਹੀ ਜਾਂਦੀ ਐ।" ਅਸੀਂ ਆਖਿਆ।

"ਅਸ਼ ਅਸ਼ ਨ੍ਹੀਂ ਫਿੱਟੇ ਮੂੰਹ ਕਹਿਣ ਨੂੰ ਚਿੱਤ ਕਰਦੈ। ਮੈਂ ਸੋਚਦਾਂ ਕਿ ਇਨ੍ਹਾਂ ਭ੍ਰਿਸ਼ਟਾਚਾਰੀਆਂ ਦੀ ਅੱਖ ਵਿੱਚ ਸ਼ਰਮ ਹਯਾ ਹੋਣੀ ਚਾਹੀਦੀ ਹੈ। ਸ਼ਰਮ ਦਾ ਪਾਣੀ ਹੋਣਾ ਚਾਹੀਦਾ ਹੈ, ਪਰ ਇਹ ਇਉਂ ਝਾਕਦੇ ਐ ਜਿਵੇਂ ਬਹੁਤ ਪੁੰਨ ਦਾ ਕੰਮ ਕਰ ਕੇ ਹਟੇ ਹੋਣ। ਜਿਵੇਂ ਕੋਈ ਵੱਡਾ ਮਾਅਰਕਾ ਮਾਰ ਲਿਆ ਹੋਵੇ। ਸ਼ਰਮ ਆਉਣ ਦੀ ਥਾਂ ਇਨ੍ਹਾਂ ਨੂੰ ਆਪਣੇ ਕੰਮਾਂ 'ਤੇ ਗੌਰਵ ਮਹਿਸੂਸ ਹੁੰਦਾ ਹੈ। ਮੁਲਕ ਲੁੱਟ-ਲੁੱਟ ਖਾ ਗਏ, ਚਿੜੀ ਦੇ ਖੰਭ ਵੀ ਨੀਂ ਛੱਡੇ। ਡਕਾਰ ਵੀ ਨੀਂ ਮਾਰਿਆ ਸਭ ਕੁਝ ਖਾ ਕੇ।"

"ਇਹ ਮੁਲਕ ਤਾਂ ਇਉਂ ਈ ਚੱਲੀ ਜਾਣੈ ਭਾਊ। ਤੂੰ ਐਵੇਂ ਖਿਝ-ਖਿਝ ਕੇ ਆਪਣੀ ਪਿੱਤਾ ਸਾੜੀ ਜਾਨੈਂ।" ਅਸੀਂ ਕਿਹਾ ਤਾਂ ਨਘੋਚੀ ਰਾਮ ਚਾਰੇ ਪੈਰ ਚੁੱਕ ਕੇ ਪਿਆ।

"ਇਹ ਸਭ ਕੁਝ ਤਾਂ ਹੀ ਹੋਈ ਜਾਂਦੈ, ਜਦੋਂ ਤੇਰੇ ਵਗਰੇ ਲੋਕੀ ਬੈਠੇ ਰਹਿੰਦੇ ਆ ਹੱਥ 'ਤੇ ਹੱਥ ਧਰ ਕੇ। ਮੁਤਰ ਮੁਤਰ ਝਾਕੀ ਜਾਂਦੈ ਐ ਇਨ੍ਹਾਂ ਕੁਲੱਛਣਿਆਂ ਵੱਲ। ਗਾਂਧੀ ਦੇ ਬਾਂਦਰ ਵਾਂਗ ਅੱਖਾਂ ਮੁੰਦੀ ਰੱਖਦੇ ਆ ਕੁਕਰਮ ਹੁੰਦੇ ਦੇਖ ਕੇ। ਥੋਡੀਆਂ ਅੱਖਾਂ, ਕੰਨ ਤੇ ਮੂੰਹ ਖੁੱਲ੍ਹੇ ਹੋਣ ਤਾਂ ਜਾਹ ਇਹ ਭੋਰਾ ਕੁਸਕ ਜਾਣ।"

"...ਪਰ ਆਪਾਂ ਕੀ ਕਰ ਸਕਦੇ ਆਂ, ਜਦ ਨਿਆਂ, ਪੁਲਸ, ਸਰਕਾਰ ਇਨ੍ਹਾਂ ਨੂੰ ਨੱਥ ਨ੍ਹੀਂ ਪਾਉਂਦੀ? ਇਹੋ ਜਿਹੇ ਦੇ ਗਲ 'ਚ ਰੱਸੀ ਤਾਂ ਸਰਕਾਰ ਨੇ ਪਾਉਣੀ ਹੁੰਦੀ ਐ।" ਅਸੀਂ ਧੀਰਜ ਨਾਲ ਆਖਿਆ।

"ਸਰਕਾਰਾਂ, ਪੁਲਸ ਤੇ ਨਿਆਂ ਤਾਂ ਇਨ੍ਹਾਂ ਪਹਿਲਾਂ ਈ ਖਰੀਦਿਆ ਹੁੰਦੈ। ਵਿਕੇ ਹੋਏ ਲੋਕਾਂ ਨੇ ਕੀ ਕਰਨਾ ਹੋਇਆ? ਕਰਨਾ ਤਾਂ ਆਖਿਰ ਜਨਤਾ ਨੇ ਹੁੰਦੈ ਸਭ ਕੁਝ। ਜੇ ਚਾਹੇ ਜਨਤਾ ਕੀ ਨ੍ਹੀਂ ਕਰ ਸਕਦੀ? ਜਨਤਾ ਵੱਡੀਆਂ ਵੱਡੀਆਂ ਹਿਟਲਰ ਸਰਕਾਰਾਂ ਉਲਟਾ ਦਿੰਦੀ ਐ, ਇਹ ਨਿੱਕੀਆਂ ਮੋਟੀਆਂ ਭੂੰਡੀਆਂ ਕਿਸ ਮਰਜ਼ ਦੀ ਦਵਾ ਨੇ।" ਨਘੋਚੀ ਰਾਮ ਤਪਿਆ ਖਪਿਆ ਬੋਲੀ ਜਾ ਰਿਹਾ ਸੀ।

ਅਸੀਂ ਕਿਤੇ ਇੱਕ ਮਿੰਨੀ ਕਹਾਣੀ ਪੜ੍ਹੀ ਸੀ। ਲੋਕ ਮਰਨ ਤੇ ਮੌਤ ਦੀਆਂ ਗੱਲਾਂ ਕਰ ਰਹੇ ਸਨ। ਫਲਾਣਾ ਕੈਂਸਰ ਨਾਲ ਮਰ ਗਿਆ, ਢੀਂਕਣਾ ਐਕਸੀਡੈਂਟ ਵਿੱਚ ਮਾਰਿਆ ਗਿਆ। ਇੱਕ ਜਣਾ ਨਜ਼ਲੇ ਜ਼ੁਕਾਮ ਨਾਲ ਹੀ ਭੁਗਤ ਗਿਆ। ਇੱਕ ਬੱਸ ਭੋਰਾ ਸਿਰ-ਦਰਦ ਹੀ ਹੋਇਆ ਸੀ, ਚੜ੍ਹਾਈ ਕਰ ਗਿਆ। ਇੱਕ ਬਜ਼ੁਰਗ ਇਨ੍ਹਾਂ ਸਾਰਿਆਂ ਦੀਆਂ ਗੱਲਾਂ ਤਹੱਲਮ ਨਾਲ ਸੁਣ ਰਿਹਾ ਸੀ। ਹੌਲੀ ਦੇਣੇ ਮੁਸਕਰਾ ਕੇ ਕਹਿਣ ਲੱਗਾ, 'ਮਰਨ ਦਾ ਕੀ ਐ ਭਾਈ, ਜੇ ਮਰਨਾ ਹੀ ਹੋਵੇ ਤਾਂ ਬੰਦਾ ਸ਼ਰਮ ਨਾਲ ਈ ਮਰ ਜਾਂਦੈ ਕਈ ਵਾਰੀ। ਉਂ ਮਰਨ ਵਾਲਾ ਹੋਵੇ ਸਹੀ। ਸ਼ਰਮ ਮੰਨਦਾ ਹੋਵੇ ਬੱਸ।' ਬਜ਼ੁਰਗ ਦੀ ਗੱਲ ਇਸ ਵਿਸ਼ੇ ਵਿੱਚ ਸਮਝਣ ਵਾਲੀ ਹੈ। ਨਘੋਚੀ ਦੀ ਚਿੰਤਾ ਵੀ ਸਹੀ ਹੈ, ਉਸ ਦਾ ਫਿਕਰ ਵੀ ਸਾਡੀ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ।

"...ਪਰ ਭਾਈ ਤੂੰ ਇਨ੍ਹਾਂ ਅਖਬਾਰਾਂ ਵਿੱਚ ਛਪੀਆਂ ਭ੍ਰਿਸ਼ਟਾਚਾਰੀਆਂ ਦੀਆਂ ਫੋਟੋਆਂ 'ਚੋਂ ਲੱਭਦਾ ਕੀ ਰਹਿਨੈਂ? ਸੋਹਣੀ ਫੋਟੋ ਵਿੱਚੋਂ ਕੀ ਲੱਭਣਾ ਹੋਇਆ?" ਅਸੀਂ ਪੁੱਛਿਆ।

ਪ੍ਰਸ਼ਨ ਸੁਣ ਕੇ ਨਘੋਚੀ ਰਾਮ ਨੇ ਔਖ ਜਿਹੀ ਮੰਨਦਿਆਂ ਪਾਸਾ ਜਿਹਾ ਮਾਰਿਆ। ਕਹਿਣ ਲੱਗਾ : "ਮੈਂ ਸਾਰੀ ਫੋਟੋ ਨ੍ਹੀਂ ਦੇਖਦਾ ਹੁੰਦਾ, ਮੈਂ ਤਾਂ ਅਗਲੇ ਦਾ ਚਿਹਰਾ ਤੇ ਅੱਖਾਂ ਹੀ ਦੇਖਦਾਂ। ਮੈਂ ਲੱਭਦਾਂ ਹੁੰਨਾਂ ਕੁਸ਼ ਉਸ 'ਚੋਂ?"

"ਤੂੰ ਅਜਿਹੀ ਕੀ ਸ਼ੈਅ ਲੱਭਦਾ ਹੁੰਨੈਂ, ਨਘੋਚੀ ਰਾਮਾ?" ਅਸੀਂ ਅੱਖਾਂ ਚੌੜੀਆਂ ਕਰ ਕੇ ਪੁੱਛਦੇ ਹਾਂ।

"ਸ਼ਰਮ ਦਾ ਪਾਣੀ। ਹਯਾ ਦੀ ਬੰਦਿਆਈ। ਮੈਂ ਦੇਖਦਾ ਹੁੰਨੈਂ ਕਿ ਕੀ ਕਿਸੇ ਭ੍ਰਿਸ਼ਟਾਚਾਰੀ ਦੀ ਅੱਖ ਦੇ ਕਿਸੇ ਕੋਨੇ ਵਿੱਚ ਸ਼ਰਮ ਦੀ ਕੋਈ ਝਲਕ ਹੈਗੀ ਕਿ ਨਹੀਂ? ਕੋਈ ਹਯਾ ਦੀ ਰੌਸ਼ਨੀ ਝਲਕਦੀ ਹੈ ਕਿ ਨਹੀਂ?" ਨਘੋਚੀ ਰਾਮ ਬੋਲਿਆ

"ਫੇਰ ਲੱਭਿਆ ਕੁਸ਼?"

"ਇਹੋ ਤਾਂ ਰੋਣੈ। ਜੇ ਲੱਭਣ ਲੱਗ ਪੇ ਤਾਂ ਭ੍ਰਿਸ਼ਟਾਚਾਰ ਮੁਲਕ 'ਚੋਂ ਮੁੱਕ ਨਾ ਜਾਵੇ। ਜਦ ਲੋਕ ਭ੍ਰਿਸ਼ਟਾਚਾਰ 'ਤੇ ਸ਼ਰਮ ਮੰਨਣ ਲੱਗ ਪੈਣਗੇ, ਬੇਹਯਾਈ ਸਮਝਣ ਲੱਗ ਪੈਣਗੇ ਕਾਲੇ ਕਾਰਨਾਮਿਆਂ ਨੂੰ, ਬੱਸ ਮੈਂ ਤਾਂ ਉਸੇ ਦਿਨ ਦੀ ਉਡੀਕ 'ਚ ਬੁੱਢਾ ਹੋਈ ਜਾਨੈਂ।" ਨਘੋਚੀ ਤੜਫਿਆ।

"ਨਘੋਚੀ ਰਾਮਾ, ਤੂੰ ਤਾਂ ਇਸ ਝੋਰੇ ਵਿੱਚ ਆਪਣੀ ਜਵਾਨੀ ਗਾਲ ਲੈਣੀ ਐ, ਪਰ ਇਹ ਚਾਮਚੜਿੱਕਾਂ ਸਿੱਧੀਆਂ ਨੀਂ ਹੋਣੀਆਂ। ਇਹ ਤਾਂ ਇਉਂ ਈ ਪੁੱਠੀਆਂ ਲਟਕਦੀਆਂ ਰਹਿਣੀਐਂ।" ਅਸੀਂ ਹੱਸ ਕੇ ਆਖਿਆ।

"ਭਾਊ, ਇਹ ਹੱਸ ਕੇ ਚੱਲ ਹੋਊ ਕਹਿਣ ਵਾਲੀ ਗੱਲ ਨੀਂ। ਮੁਲਕ ਦੀ ਮਰਿਆਦਾ ਤੇ ਆਭਾ ਦੀ ਗੱਲ ਐ। ਉਮੀਦ 'ਤੇ ਜਹਾਨ ਟਿਕਿਆ ਹੋਇਐ। ਕਦੀ ਤਾਂ ਮੁਲਕ ਦੇ 'ਅੱਛੇ ਦਿਨ' ਆਉਣਗੇ ਹੀ।" ਨਘੋਚੀ ਦੀਆਂ ਅੱਖਾਂ ਵਿੱਚ ਆਸ ਦੀ ਕਿਰਨ ਚਮਕਣ ਲੱਗੀ ਸੀ।

"ਭਾਊ, ਇਨ੍ਹਾਂ ਲੋਕਾਂ ਨੂੰ ਭ੍ਰਿਸ਼ਟਾਚਾਰ ਦੀ ਆਦਤ ਪੈਗੀ ਐ। ਆਦਤ ਪੱਕੀ ਹੋਗੀ ਐ। ਵਾਰੇ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।"

"ਫੇਰ ਵੀ, ਫੇਰ ਵੀ...।" ਨਘੋਚੀ ਰਾਮ ਹਾਲੇ ਵੀ 'ਫੇਰ ਵੀ' ਦੀ ਉਡੀਕ 'ਚ ਬੁੱਢਾ ਹੋਈ ਜਾ ਰਿਹਾ ਸੀ।

# ਹੋਇਆ ਕੈਂਠੇ ਜਾ ਰਿਵਾਜ ਪੁਰਾਣਾ..

-ਬਹਾਦਰ ਡਾਲਵੀ

ਆਧੁਨਿਕ ਸਮਾਜ ਦੀ ਉਨਤੀ ਦੇ ਨਾਲ ਪੁਰਾਣੇ ਗਹਿਣਿਆਂ ਦਾ ਰਿਵਾਜ ਮੁੱਕ ਗਿਆ ਹੈ। ਪੁਰਾਣੇ ਗਹਿਣਿਆਂ ਵਿੱਚੋਂ ਕੈਂਠਾ ਮਹੱਤਵ ਪੂਰਨ ਗਹਿਣਾ ਸਮਝਿਆ ਜਾਂਦਾ ਸੀ। ਮਰਦਾਂ ਦੇ ਗਲ ਪਹਿਨਣ ਵਾਲਾ ਗਹਿਣਾ 'ਕੈਂਠਾ' ਅਤੇ ਔਰਤਾਂ ਦੇ ਪਹਿਨਣ ਵਾਲਾ ਗਹਿਣਾ 'ਕੈਂਠੀ' ਕਹਾਉਂਦਾ ਸੀ। ਕੈਂਠਾ, ਕੰਠ, ਭਾਵ ਗਲ ਵਿੱਚ ਪਾਉਣ ਵਾਲਾ ਹੁੰਦਾ ਹੈ। ਇਸ ਨੂੰ ਹੈਂਕੜਾ (ਹਿੱਕ-ਛਾਤੀ) ਵੀ ਕਿਹਾ ਜਾਂਦਾ ਸੀ। ਹੈਂਕੜਾ ਸਿਰਫ ਵਾਰਸ ਸ਼ਾਹ ਨੇ ਹੀਰ ਰਾਂਝੇ ਦੇ ਕਿੱਸੇ ਵਿੱਚ ਵਰਤਿਆ ਹੈ। ਸਹਿਤੀ ਨੇ ਘਰ ਜਾ ਕੇ ਹੀਰ ਭਾਬੀ ਨੂੰ ਯੋਗੀ ਦੇ ਗਲ ਵਿੱਚ ਪਾਏ ਕੈਂਠੇ ਦੀ ਸਿਫਤ ਇੰਜ ਦਰਸਾਈ ਸੀ:

ਘਰ ਜਾ ਨਣਾਨ ਨੇ ਗੱਲ ਕੀਤੀ,
ਭਾਬੀ ਯੋਗੀ ਇਕ ਨਵਾਂ ਆਇਆ ਨੀ।
ਕੰਨੀਂ ਉਸ ਦੇ ਦਰਸ਼ਨੀ ਮੁੰਦਰਾਂ ਨੇ,
ਗਲ ਹੈਂਕੜਾ ਖੂਬ ਸੁਹਾਇਆ ਨੀ।

ਇਥੇ ਭਾਵੇਂ ਕੱਚ ਜਾਂ ਪੱਥਰ ਦੇ ਮਣਕਿਆਂ ਦੇ ਕੈਂਠੇ ਦੀ ਵਡਿਆਈ ਕੀਤੀ ਗਈ ਹੈ, ਜੋ ਜੋਗੀਆਂ ਦੇ ਗਲ ਪਾਇਆ ਹੁੰਦਾ ਹੈ, ਪਰ ਉਹ ਵੀ ਬਹੁਤ ਕੀਮਤੀ ਪੱਥਰ ਦੇ ਮਣਕਿਆਂ ਦਾ ਕੈਂਠਾ ਹੁੰਦਾ ਹੈ। ਅੱਜ ਕੱਲ੍ਹ ਕੈਂਠਾ ਨਵੀਂ ਪੀੜ੍ਹੀ ਦੇ ਨਾਂਅ ਸੁਣਨ ਤੋਂ ਬਿਨਾਂ ਵੇਖਣ ਵਿੱਚ ਨਹੀਂ ਆਇਆ। ਬਜ਼ੁਰਗਾਂ ਦੇ ਪੁੱਛਣ ਤੋਂ ਪਤਾ ਲੱਗਦਾ ਹੈ ਕਿ ਲਗਭਗ ਚਾਲੀ ਪੰਜਾਹ ਸਾਲ ਪਹਿਲਾਂ ਵਿਆਂਦੜ ਮੁੰਡੇ ਨੂੰ ਦਾਜ ਵਿੱਚ ਕੈਂਠਾ ਪਾਉਣਾ ਤੇ ਕੁੜੀ ਨੂੰ ਵਰੀ ਨਾਲ ਕੈਂਠੀ ਢੋਣੀ ਹੁਣ ਦੇ ਦਾਜ ਦੇ ਬਰਾਬਰ ਮਹਾਨਤਾ ਰੱਖਦੇ ਸਨ। ਉਸ ਸਮੇਂ ਸੋਨੇ ਦੀ ਕੀਮਤ ਮੁਤਾ-ਬਕ ਕੈਂਠਾ ਢਾਈ ਤਿੰਨ ਸੌ ਰੁਪਏ ਵਿੱਚ ਬਣ ਜਾਂਦਾ ਸੀ। ਜੇ ਕੋਈ ਸਰਦਾ ਪੁੱਜਦਾ ਆਦਮੀ ਕੁੜੀ ਦੇ ਦਾਜ ਵਿੱਚ ਵਿਆਂਦੜ ਨੂੰ ਚਾਰ ਪੰਜ ਸੌ ਰੁਪਏ ਦਾ ਕੈਂਠਾ ਪਾ ਦਿੰਦਾ ਤਾਂ ਬੱਲੇ-ਬੱਲੇ ਹੋ ਜਾਂਦੀ ਸੀ। ਇੰਨੀ ਕੀਮਤ ਦਾ ਕੈਂਠਾ ਦਿਓਰ ਦੇ ਗਲ ਪਾਇਆ ਵੇਖ ਵੱਡੀ ਭਰਜਾਈ ਬੜੇ ਫਖਰ ਨਾਲ ਕਹਿੰਦੀ ਸੀ:

ਘੋੜੀ ਚੜ੍ਹਿਆ ਸੋਹਣਾ ਦੇਵਰ,
ਹੱਥ ਵਿੱਚ ਸੋਂਹਦਾ ਛਾਂਟਾ।
ਪੰਜ ਸੌ ਪੱਚੀਆਂ ਦਾ,
ਛੋਟੇ ਦਿਓਰ ਦਾ ਕੈਂਠਾ।

ਚਾਰ ਪੰਜ ਸੌ ਰੁਪਏ ਅੱਜ ਕੋਈ ਕੀਮਤ ਨਹੀਂ ਰੱਖਦੇ। ਪੰਜਾਬ ਦੇ ਲੋਕਾਂ ਨੇ ਤਰੱਕੀ ਦੀਆਂ ਮੰਜ਼ਿਲਾਂ ਨੂੰ ਹਰੇਕ ਖੇਤਰ ਵਿੱਚ ਛੋਹ ਲਿਆ ਹੈ। ਊਠਾਂ, ਘੋੜਿਆਂ, ਰਥਾਂ ਦੀ ਥਾਂ ਸਕੂਟਰਾਂ, ਮੋਟਰ ਸਾਈਕਲਾਂ, ਕਾਰਾਂ, ਜੀਪਾਂ ਨੇ ਲੈ ਲਈ ਹੈ, ਪਰ ਉਸ ਸਮੇਂ ਊਠ ਜਾਂ ਘੋੜੀ 'ਤੇ ਗੱਭਰੂ ਕੱਢਵੀਂ ਤਿੱਲੇਦਾਰ ਜੁੱਤੀ, ਧੂਵਾਂ ਚਾਦਰਾ, ਕਲੀਆਂ ਵਾਲਾ ਮਲਮਲ ਦਾ ਕੁੜਤਾ ਅਤੇ ਗਲ ਵਿੱਚ ਪਾਇਆ ਸੁਨਹਿਰੀ ਕੈਂਠਾ ਕਿਸੇ ਅਮੀਰ ਘਰਾਣੇ ਦੀਆਂ ਨਿਸ਼ਾਨੀਆਂ ਹੁੰਦੀਆਂ ਸਨ। ਕੈਂਠੇ ਵਾਲੇ ਸੋਹਣੇ ਗੱਭਰੂ ਦਿਓਰ ਨੂੰ ਵੇਖ ਕੇ ਮਨ ਵਿੱਚ ਝੁਰਦੀ ਭਰਜਾਈ ਇਹ ਕਹਿਣੋਂ ਨਹੀਂ ਸੀ ਰਹਿ ਸਕਦੀ:

ਮਾਪਿਆਂ ਮੇਰੇ ਲੈ ਲਏ ਬਦਲੇ,
ਪਤੀ ਟੋਲਤਾ ਭੰਗੀ।
ਦਿਓਰਾ ਵੇ ਕੈਂਠੇ ਵਾਲਿਆ,
ਮੈਂ ਤੈਨੂੰ ਕਿਉਂ ਨਾ ਮੰਗੀ।

ਪੰਜਾਬੀ ਲੋਕ ਬੋਲਿਆਂ ਵਿੱਚ ਵੀ ਕੈਂਠੇ ਦਾ ਜ਼ਿਕਰ ਮਿਲਦਾ ਹੈ। ਕੈਂਠਾ ਸੁੰਦਰ ਗਹਿਣਾ ਹੋਣ ਕਰਕੇ ਮਨ ਨੂੰ ਮੱਲੋ ਮੱਲੀ ਖਿੱਚ ਪਾਉਂਦਾ ਸੀ। ਗੱਭਰੂਆਂ ਦੇ ਗਲ ਪਾਏ ਕੈਂਠੇ ਵੇਖ ਕੇ ਮੁਟਿਆਰਾਂ ਇਹ ਆਖਣ ਤੋਂ ਨਹੀਂ ਸੀ ਰਹਿ ਸਕਦੀਆਂ:

ਸੁਣ ਵੇ ਮੁੰਡਿਆਂ ਕੈਂਠੇ ਵਾਲਿਆ,
ਦੂਰੋਂ ਪੈਣ ਚਮਕਾਰੇ।
ਇਕ ਚਿੱਤ ਕਰਦਾ ਵਿਆਹ ਕਰਵਾ ਲਾਂ,
ਦੂਜਾ ਡਰ ਦੁਨੀਆਂ ਦਾ ਮਾਰੇ।

ਇਕ ਹੋਰ ਲੋਕ ਬੋਲੀ ਵਿੱਚ ਮੁਟਿਆਰ ਕੈਂਠੇ ਵਾਲੇ ਗੱਭਰੂ ਨੂੰ ਇੰਜ ਸੰਬੋਧਨ ਹੁੰਦੀ ਹੈ:

ਸੁਣ ਵੇ ਮੁੰਡਿਆਂ ਕੈਂਠੇ ਵਾਲਿਆ,



ਤੇਰਾ ਕੈਂਠਾ ਰੋਗਨ ਕੀਤਾ।
ਮੈਂ ਤਾਂ ਤੈਨੂੰ ਖੜੀ ਉਡੀਕਾਂ,
ਤੂੰ ਲੰਘ ਗਿਆ ਚੁੱਪ ਕੀਤਾ।
ਸੱਸੀ ਵਾਂਗਰ ਹੋ ਗਈ ਭੜਥਾ,
ਲਾ ਤਾ ਜਿਗਰ ਪਲੀਤਾ।
ਜੋੜੀ ਨਹੀਂ ਬਣਦੀ,
ਪਾਪ ਜਿਨ੍ਹਾਂ ਦਾ ਕੀਤਾ।

ਕੈਂਠੇ ਬਾਰੇ ਪੰਜਾਬੀ ਲੋਕ ਬੋਲੀਆਂ ਤੋਂ ਇਕ ਗੱਲ ਹੋਰ ਜ਼ਾਹਿਰ ਹੁੰਦੀ ਹੈ ਕਿ ਕੈਂਠਾ ਸਿਰਫ ਪੰਜਾਬ ਦੇ ਕਿਸੇ ਵਿਸ਼ੇਸ਼ ਖਿੱਤੇ ਤੱਕ ਸੀਮਤ ਨਹੀਂ ਰਿਹਾ, ਇਹ ਸਮੁੱਚੇ ਪੰਜਾਬੀਆਂ ਦਾ ਗਹਿਣਾ ਸੀ। ਕੈਂਠੇ ਦੇ ਸੁੰਦਰ ਮਣਕਿਆਂ ਦੀ ਬਣਤਰ ਪੰਜਾਬ ਵਿੱਚ ਤਪਾ, ਭਦੌੜ, ਹਠੂਰ, ਬੱਧਨੀ, ਕੋਟ ਈਸੇ ਖਾਂ, ਮੋਗਾ ਤੇ ਹੋਰ ਖਾਸ ਥਾਵਾਂ ਉਤੇ ਹੁੰਦੀ ਸੀ। ਮੋਗੇ ਦਾ ਘੜਿਆ ਮਣਕਾ ਵਿਸ਼ੇਸ਼ ਮਹਾਨਤਾ ਰੱਖਦਾ ਸੀ:

ਰੜਕੇ, ਰੜਕੇ, ਰੜਕੇ,
ਤੂੰ ਚੰਨਾ ਪੱਟ ਦਾ ਲੱਛਾ,
ਮੈਂ ਵੀ ਨਿਕਲੀ ਕਬੂਤਰੀ ਬਣ ਕੇ।
ਕੈਂਠੇ ਦੀ ਦਮਕ ਪਵੇ,
ਜਦ ਤੁਰਦਾ ਤੂੰ ਹਿੱਕ ਤਣ ਕੇ,
'ਹੀਏ ਦੇ ਕੈਂਠੇ ਵਿੱਚ,
ਮੋਗੇ ਸ਼ਹਿਰ ਦੇ ਮਣਕੇ।

ਕੈਂਠੇ ਵਿੱਚ ਬਾਰਾਂ ਸੋਨੇ ਦੇ ਸੁੰਦਰ ਨੁਮਨੇ ਦੀ ਘਾੜਤ ਦੇ ਮਣਕੇ ਹੁੰਦੇ ਸਨ, ਜਿਨ੍ਹਾਂ ਵਿੱਚੋਂ ਕੈਂਠੇ ਦੀਆਂ ਦੋ ਪਿਛਲੀਆਂ ਲੜੀਆਂ ਨੂੰ ਵਧਾਉਣ ਘਟਾਉਣ ਲਈ ਦੋ ਮਣਕੇ ਸੁਰਾਹੀ ਵਾਂਗ ਹੁੰਦੇ ਸਨ, ਇਨ੍ਹਾਂ ਨੂੰ ਸੁਰਾਹੀਆਂ ਕਿਹਾ ਜਾਂਦਾ ਸੀ। ਪੁਰਾਤਨ ਗਹਿਣਿਆਂ ਦਾ ਜਿਉਂ-ਜਿਉਂ ਰਿਵਾਜ ਖਤਮ ਹੁੰਦਾ ਗਿਆ, ਤਿਉਂ ਹੀ ਕੈਂਠੇ ਦੀ ਥਾਂ ਅੱਜ ਕੱਲ੍ਹ ਚੇਨੀ (ਜ਼ੰਜੀਰ) ਨੇ ਮੱਲ ਲਈ ਤੇ ਪੰਜਾਬ ਦੀਆਂ ਮੁਟਿਆਰਾਂ ਨੇ ਇਹ ਗੱਲ ਕਹਿਣੀ ਸ਼ੁਰੂ ਕਰ ਦਿੱਤੀ:

ਹੋਇਆ ਕੈਂਠੇ ਦਾ ਰਿਵਾਜ ਪੁਰਾਣਾ,
ਚੇਨੀ ਘੜਵਾ ਲੈ ਹਾਣੀਆਂ।

# ਮਨੁ ਖਿੜਿਆ ਹਰਿਆ ਬਾਗੁ

-ਅਜੀਤ ਸਿੰਘ ਚੰਦਨ



ਸਾਰੇ ਬਖੇੜੇ ਮਨ ਤੋਂ ਸ਼ੁਰੂ ਹੁੰਦੇ ਹਨ। ਖਿੜੇ ਮੱਥੇ, ਹਸੂੰ-ਹਸੂੰ ਕਰਦੇ ਚਿਹਰੇ ਸੰਸਾਰ ਵਿੱਚ ਬੜੇ ਘੱਟ ਮਿਲਦੇ ਹਨ। ਮਨ ਨੂੰ ਖਿੜਿਆ ਬਾਗ ਬਣਾਉਣ ਲਈ ਗੌਤਮ ਬੁੱਧ ਬਣਨਾ ਪੈਂਦਾ ਹੈ। ਮਨ ਨੂੰ ਸਾਧਣਾ ਪੈਂਦਾ ਹੈ। ਅੰਦਰ ਦਾ ਕੂੜ ਕਬਾੜ ਹੂੰਝ ਕੇ ਸਭ ਬਾਹਰ ਸੁੱਟਣਾ ਪੈਂਦਾ ਹੈ। ਇਹ ਕੂੜ ਕਬਾੜ ਹੋਰ ਕੁਝ ਨਹੀਂ, ਸਾਡੇ ਅੰਦਰਲੀ ਈਰਖਾ, ਸਾੜਾ, ਰੋਸਾ, ਸ਼ਿਕਵਾ ਤੇ ਗੁੱਸਾ ਹੈ, ਜਿਸ ਕਾਰਨ ਸਾਡੇ ਮਨ ਖਿੜਨਾ ਕਿਧਰੇ ਰਿਹਾ, ਹਰ ਵਕਤ ਮਸੋਸਿਆ ਰਹਿੰਦਾ ਹੈ। ਜਿਵੇਂ ਸੂਲੀ 'ਤੇ ਟੰਗਿਆ ਹੋਵੇ। ਕੱਟੇ ਬਗੀਚੇ ਵਿੱਚ ਟਹਿਕਦੇ ਤੇ ਖਿੜੇ ਗੁਲਾਬ ਨੂੰ ਵੇਖੋ, ਕਿਵੇਂ ਮਹਿਕਾਂ ਵੰਡਦਾ ਹੈ। ਸੂਲੀ ਟੰਗਿਆ ਵੀ ਮੁਸਕਰਾਉਂਦਾ ਹੈ। ਸੂਲੀ ਕਿਧਰੇ ਦੂਰ ਨਹੀਂ ਹੁੰਦੀ, ਕੋਲ ਹੀ ਗੁਲਾਬ ਦੇ ਬੂਟੇ ਨੂੰ ਕਿੰਨੇ ਕੰਡੇ ਲੱਗੇ ਹੁੰਦੇ ਹਨ। ਪਰ ਗੁਲਾਬ ਦਾ ਫੁੱਲ ਇਨ੍ਹਾਂ ਕੰਡਿਆਂ ਦੀ ਪਰਵਾਹ ਨਹੀਂ ਕਰਦਾ। ਇਸ ਨੂੰ ਭਰੋਸਾ ਹੁੰਦਾ ਹੈ ਕਿ ਕੰਡੇ ਮੇਰਾ ਕੁਝ ਨਹੀਂ ਵਿਗਾੜ ਸਕਦੇ।

ਕੰਵਲ ਫੁੱਲ ਸੂਰਜ ਦੀਆਂ ਪਹਿਲੀਆਂ ਕਿਰਨਾਂ ਨਾਲ ਖੁੱਲ੍ਹ ਜਾਂਦਾ ਹੈ। ਫਿਰ ਧੁੱਪ ਤੇ ਰੌਸ਼ਨੀ ਪੈਣ ਨਾਲ ਪੂਰੀ ਤਰ੍ਹਾਂ ਪੱਤੀਆਂ ਖੋਲ੍ਹ ਕੇ ਮੁਸਕਰਾਉਂਦਾ ਹੈ। ਕਿੰਨੀ ਸ਼ੋਭਾ ਹੈ ਇਸ ਕੰਵਲ ਫੁੱਲ ਦੀ। ਚਿੱਕੜ ਵਿੱਚ ਉਗ ਕੇ ਵੀ ਮੁਸਕਰਾਉਂਦਾ ਹੈ। ਧੌਣ ਉਚੀ ਕਰਕੇ ਚਿੱਕੜ ਤੋਂ ਉਪਰ ਉਠ ਜਾਂਦਾ ਹੈ। ਖਿੜਦਾ ਹੈ। ਇਸ ਫੁੱਲ ਨੂੰ ਸਰਸਵਤੀ ਅਤੇ ਮਾਂ ਲਕਸ਼ਮੀ ਦੇ ਹੱਥਾਂ ਵਿੱਚ ਖਿੜੇ ਵਿਖਾਇਆ ਗਿਆ ਹੈ। ਇਸ ਫੁੱਲ ਨੂੰ ਸਾਡਾ ਦੇਸ਼ ਗੌਰਵ ਦੇ ਤੌਰ 'ਤੇ ਪੂਜਦਾ ਹੈ ਤੇ ਸਤਿਕ-ਾਰਦਾ ਹੈ। ਜਿਸ ਦਾ ਹਿਰਦਾ ਕੰਵਲ ਫੁੱਲ ਵਾਂਗ ਵਿਗਸੇ ਤੇ ਖਿੜ ਜਾਵੇ, ਉਸ ਇਨਸਾਨ ਦੇ ਚਿਹਰੇ ਦੀ ਨੂਰੀ ਆਭਾ ਵੇਖਣ ਵਾਲੀ ਹੋਵੇਗੀ।

ਜਿਸ ਇਨਸਾਨ ਦੀਆਂ ਅੱਖਾਂ ਗੁਲਾਬ ਦੇ ਫੁੱਲਾਂ ਵੱਲ ਲੱਗੀਆਂ ਰਹਿਣ, ਉਸ ਨੂੰ ਕੰਡੇ ਵਿਖਾਈ ਨਹੀ ਦਿੰਦੇ। ਇਸੇ ਲਈ ਸਿਆਣਿਆਂ ਦਾ ਕਥਨ ਹੈ ਕਿ ਆਸ਼ਾਵਾਦੀ ਹੋ ਕੇ ਜੀਓ। ਆਪਣੀ ਸੋਚ ਨੂੰ ਨਿਰਾਸ਼ਤਾ, ਉਦਾਸੀ ਤੇ ਭੈਅ ਤੋਂ ਬਾਹਰ ਲੈ ਆਓ। ਸੋਚ ਨੂੰ ਤੰਦਰੁਸਤ ਤੇ ਸੁਹਾਵਣੀ ਛਵੀ ਬਖਸ਼ ਦਿਓ। ਖੇੜਾ ਆਪਣੇ ਆਪ ਤੁਹਾਡੇ ਚਿਹਰੇ 'ਤੇ ਸ਼ੁਭਾਇਮਾਨ ਹੋਣ ਲੱਗੇਗਾ। ਨਿੱਕਾ ਬੱਚਾ ਕਿਵੇਂ ਫੁੱਲਾਂ ਵਾਂਗ ਮੁਸਕਰਾਉਂਦਾ ਤੇ ਹੱਸਦਾ ਹੈ ਕਿਉਂਕਿ ਉਸ ਦੇ ਮਨ ਵਿੱਚ ਕੋਈ ਭੈੜ ਨਹੀਂ ਹੁੰਦਾ। ਸ਼ੁੱਧ ਮਨ ਵਿੱਚ ਫੁੱਲ ਖੁਦ ਬਖੁਦ ਖਿੜਦੇ ਹਨ। ਮਹਿਕਦੇ ਹਨ। ਬੱਚਾ ਇਕ ਨੰਨ੍ਹਾ ਫਰਿਸ਼ਤਾ ਹੈ, ਇਹ ਫੁੱਲਾਂ ਵਾਂਗ ਖੇੜੇ ਤੇ ਮੁਸਕਾਨ ਵੰਡਦਾ ਹੈ। ਮਨ ਨੂੰ ਅਵੱਲੀਆਂ ਸੋਚਾਂ ਵਿੱਚੋਂ ਕੱਢ ਕੇ ਚੰਗੀ, ਨਰੋਈ ਤੇ ਤੰਦਰੁਸਤ ਆਸ਼ਾਵਾਦੀ ਸੋਚ ਅਪਣਾ ਲਓ। ਸਿਆਣੇ ਕਹਿੰਦੇ ਹਨ, ਤੁਸੀਂ ਆਪਣੀ ਸੋਚ ਬਦਲ ਲਵੋ, ਤੁਹਾਡੀ ਜ਼ਿੰਦਗੀ ਬਦਲ ਜਾਵੇਗੀ। ਫੁੱਲ ਦਾ ਖੇੜਾ, ਕੁਦਰਤ ਦੀ ਖੂਬਸੂਰਤੀ ਤੇ ਝਰਨਿਆਂ ਚਸ਼ਮਿਆਂ ਦੀ ਤਰਾਵਤ ਆਪਣੇ ਮਨ ਵਿੱਚ ਭਰੋ। ਤੁਹਾਡਾ ਮਨ ਪੈਲਾਂ ਪਾਉਣ ਲੱਗੇਗਾ।

ਕੁਦਰਤ ਵਾਂਗ ਰਸੀਲਾ ਤੇ ਹਰਿਆ ਭਰਿਆ ਮਨ ਤੁਹਾਨੂੰ ਰਸ ਭਰੀ ਜ਼ਿੰਦਗੀ ਦੇ ਲੜ ਲਾ ਸਕਦਾ ਹੈ। ਜਿਹੜੇ ਲੋਕੀਂ ਪਹਾੜਾਂ ਦੀ ਸੈਰ ਲਈ ਜਾਂਦੇ ਹਨ, ਅਸਲ ਵਿੱਚ ਉਨ੍ਹਾਂ ਦੀ ਮਨਸ਼ਾ ਪਹਾੜਾਂ ਦੀ ਵਿਸ਼ਾਲਤਾ, ਖੂਬਸੂਰਤੀ ਅਤੇ ਸੁੰਦਰਤਾ ਨੂੰ ਮਾਣਨਾ ਹੁੰਦਾ ਹੈ। ਜੇ ਤੁਸੀਂ ਪਹਾੜਾਂ 'ਤੇ ਪਹੁੰਚ ਕੇ ਵੀ ਮਨ ਦੀ ਗੰਦੜੀ ਵਿੱਚ ਲੀਰਾਂ, ਮੈਲਾਪਣ ਬੰਨ੍ਹੀਂ ਰੱਖੋਗੇ ਤਾਂ ਮਨ ਕਿਵੇਂ ਲਹਿਰੀਏਦਾਰ ਬਣੇਗਾ। ਮਨ ਨੂੰ ਆਕਾਸ਼ ਵਰਗੀ ਨੀਲੱਤਣ ਨਾਲ ਭਰ ਲਵੋ। ਪੰਛੀਆਂ ਦੀ ਰਸੀਲੀ ਆਵਾਜ਼ ਅਤੇ ਉਚੀ ਉਡਾਣ ਨਾਲ ਮਨ ਵਿੱਚ ਸੁਹੱਪਣ ਵਧੇਗਾ। ਹਾਸਾ, ਖੇੜਾ ਤੇ ਖੁੱਲ੍ਹ ਤੁਹਾਡੀ ਚਾਹਨਾ ਬਣ ਜਾਵੇਗੀ।

ਸਿਆਣੇ ਕਹਿੰਦੇ ਹਨ ਕਿ ਜਿਸ ਨੇ ਆਪਣਾ ਮਨ ਸਾਧ ਲਿਆ, ਉਸ ਦਾ ਸਰੀਰ ਆਪਣੇ ਆਪ ਸਾਧਿਆ ਜਾਂਦਾ ਹੈ। ਸਰੀਰ ਨੇ ਮਨ ਦੀ ਆਗਿਆ ਵਿੱਚ ਰਹਿਣਾ ਹੈ। ਜਿਹੋ ਜਿਹਾ ਮਨ ਤੈਸਾ ਹੀ ਤਨ। ਓਦਰੇ ਤੇ ਦੁਖੀ ਮਨ ਨਾਲ ਸਰੀਰ ਕਦੇ ਤੰਦਰੁਸਤ ਨਹੀਂ ਰਹਿ ਸਕਦਾ।

ਖਿੜੇ ਬਾਗ, ਨੱਚਦੀਆਂ ਬਹਾਰਾਂ ਅਤੇ ਨੀਲੀਆਂ ਝੀਲਾਂ 'ਤੇ ਜਾ ਕੇ ਵੇਖੋ! ਜ਼ਿੰਦਗੀ ਕਿਵੇਂ ਨਾਚ ਕਰਦੀ ਪ੍ਰਤੀਤ ਹੁੰਦੀ ਹੈ। ਅਜਿਹੀ ਜ਼ਿੰਦਗੀ ਤੁਹਾਨੂੰ ਆਵਾਜ਼ਾਂ ਮਾਰਦੀ ਹੈ ਕਿ ਇਨ੍ਹਾਂ ਖੁਸ਼ੀਆਂ ਵਿੱਚ ਸ਼ਾਮਲ ਹੋ ਜਾਓ। ਦੁੱਖ, ਦਰਦ ਭੁੱਲ ਕੇ ਖੁਸ਼ ਹੋ ਜਾਓ। ਤੰਦਰੁਸਤ ਹੋ ਜਾਓ। ਬਹਾਰਾਂ ਨੂੰ ਆਪਣੇ ਕਲਾਵੇ ਵਿੱਚ ਭਰ ਲਵੋ। ਜਿਹੜੇ ਇਨਸਾਨ ਖੁਸ਼ ਰਹਿਣ ਦਾ ਨਿਸ਼ਾਨਾ ਮਿੱਥ ਲੈਣ, ਉਹ ਆਪਣੀਆਂ ਲੋੜਾਂ ਘਟਾ ਲੈਂਦੇ ਹਨ। ਸਿੱਧੇ, ਸਾਦੇ ਤੇ ਨਰੋਈ ਸੋਚ ਵਾਲੇ ਜੀਵਨ ਨਾਲ ਲੋਕ ਅੱਗੇ ਵਧਦੇ ਹਨ, ਪਰ ਵਧੇਰੇ ਧਨ ਦੀ ਲਾਲਸਾ, ਵੱਡੀਆਂ ਕੋਠੀਆਂ ਕਾਰਾਂ ਦੇ ਚੱਕਰ ਵਿੱਚ ਪੈ ਕੇ ਕਈ ਵਾਰ ਉਹ ਭੁੱਲ ਭੁਲੱਈਆਂ ਵਿੱਚ ਪੈ ਜਾਂਦੇ ਹਨ ਕਿ ਬਾਹਰ ਨਿਕਲਣ ਦਾ ਰਸਤਾ ਕਿਧਰੇ ਵਿਖਾਈ ਨਹੀਂ ਦਿੰਦਾ। ਇੱਛਾਵਾਂ ਵਧਦੀਆਂ ਜਾਂਦੀਆਂ ਹਨ, ਜੀਵਨ ਗੁੰਝਲਦਾਰ ਬਣਦਾ ਜਾਂਦਾ ਹੈ ਤੇ ਅਖੀਰ ਵਿੱਚ ਅਜਿਹੀ ਲਾਲਸਾ ਤੇ ਲੋਭ ਭਰੀ ਜ਼ਿੰਦਗੀ ਹਨੇਰਾ ਢੋਣ ਵਿੱਚ ਲੰਘ ਜਾਂਦੀ ਹੈ।

ਸਾਡੇ ਗੁਰੂ, ਪੀਰਾਂ ਅਤੇ ਪੈਗੰਬਰਾਂ ਨੇ ਕਿੰਨੇ ਸੋਹਣੇ ਮਾਰਗ ਜ਼ਿੰਦਗੀ ਦੇ ਦਰਸਾਏ ਹਨ। ਸਾਫ, ਪਾਕ ਤੇ ਪਾਕੀਜ਼ਗੀ ਵਾਲਾ ਨਿਰਛਲ ਜੀਵਨ ਜਿਊਂ ਕੇ ਵੇਖੋ। ਤੁਹਾਡੇ ਮਨ ਦੀ ਮੈਲ ਕਿਧਰੇ ਧੋਤੀ ਜਾਵੇਗੀ। ਆਪੇ ਨੂੰ ਸਾਧ ਲਵੋ, ਵੈਰ ਭਾਵਨਾ ਮਨ ਵਿੱਚੋਂ ਕੱਢ ਸੁੱਟੋ। 'ਨਿਰਭੈ ਤੇ ਨਿਰਵੈਰ' ਸੋਚ ਵਾਲਾ ਜੀਵਨ ਜਿਊਂ ਕੇ ਵੇਖੋ! ਫਿਰ ਤੁਹਾਡੇ ਅੰਦਰ ਦੀ ਹਰੇ ਕਚੂਰ ਰੁੱਖਾਂ ਵਰਗੀ ਹਰਿਆਵਲ ਵਸ ਜਾਵੇਗੀ। ਰੂਹ ਵਿੱਚ ਖੇੜਾ ਵਿਗਸ ਜਾਵੇਗਾ। ਅੰਦਰਲਾ ਕੰਵਲ ਖਿੜੇਗਾ। ਮਨ ਸ਼ਾਂਤ ਹੋਵੇਗਾ ਤੇ ਸ਼ਾਂਤ ਮਨ ਨਾਲ ਹੀ ਤੁਸੀਂ ਜ਼ਿੰਦਗੀ ਦੇ ਭੇਦ ਵੀ ਜਾਣ ਜਾਵੋਗੇ।

ਇਹ ਵਿਸ਼ਾਲ ਧਰਤੀ ਤੇ ਨੀਲਾ ਅੰਬਰ, ਰੁੱਖ, ਬੂਟੇ ਤੇ ਬਨਸਪਤੀ ਪਰਮਾਤਮਾ ਦੀ ਅਸਲ ਲੀਲਾ ਹੈ। ਇਸ ਖਿੜੀ ਹੋਈ ਲੀਲਾ ਵਿੱਚ ਤੁਸੀਂ ਆਪਣਾ ਮੂੰਹ ਸੁਜਾ ਕੇ ਨਾ ਬੈਠੋ! ਕੁਦਰਤ ਦੀ ਬੇਪਤੀ ਨਾ ਕਰੋ। ਕੁਦਰਤ ਨਾਲ ਇਕਸੁਰ ਹੋ ਜਾਓ। ਵਗਦੇ ਪਾਣੀਆਂ, ਨਦੀ ਤੇ ਰੰਗਾਂ ਸੁਗੰਧਾਂ ਦੇ ਗੀਤਾਂ ਵਿੱਚ ਤੁਸੀਂ ਵੀ ਸ਼ਾਮਲ ਹੋ ਜਾਓ।

ਇਸ ਕੁਦਰਤ ਦੇ ਭੇਤ ਪਾਉਣ ਲਈ ਤੁਹਾਨੂੰ ਕੁਦਰਤ ਵਰਗਾ ਬਣਨਾ ਪਵੇਗਾ। ਕੁਦਰਤ ਵਰਗਾ ਵਿਸ਼ਾਲ ਅਨੰਦੀ ਤੇ ਸਰੋਦੀ। ਫਿਰ ਤੁਹਾਡੀ ਜ਼ਿੰਦਗੀ ਵਿੱਚ ਰਾਗ ਵਰਗੀ ਮਧੁਰਤਾ ਗੂੰਜੇਗੀ। ਤੁਹਾਡੀ ਦੇਹ ਮੌਲਣ ਲੱਗੇਗੀ ਤੇ ਖੁਸ਼ੀ ਦਾ ਨਾਦ ਤੁਹਾਨੂੰ ਸੁਣਾਈ ਦੇਵੇਗਾ। ਇਹ ਖੁਸ਼ੀ ਦਾ ਨਾਦ ਹੋਰ ਕਿਧਰੇ ਨਹੀਂ, ਤੁਹਾਡੇ ਅੰਦਰਲੇ ਕੰਵਲ ਫੁੱਲ ਵਿੱਚ ਹੀ ਪੈਦਾ ਹੋਣਾ ਹੈ। ਅੰਦਰਲੇ ਕੰਵਲ ਫੁੱਲ ਨੂੰ ਖਿੜਨ ਦਿਓ। ਕੁਦਰਤ ਦੇ ਖੰਡਾਂ ਬ੍ਰਹਿਮੰਡਾਂ ਦੇ ਕਣ-ਕਣ ਵਿੱਚ ਪਿਆਰ ਵਸਿਆ ਹੋਇਆ ਹੈ।

For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ
- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

DUCT CLEANING
A breath of Clean air
Residential & Commercial Air duct cleaning and dryer vent cleaning
Free Sanitizer
BEFORE AFTER
66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ ਤਸਲੀ ਬਖਸ਼ ਕੰਮ ਦੀ ਗਾਰੰਟੀ
For Professional Duct Cleaning Services
Call Air Frais Duct Cleaning at:
905-867-9000

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS
www.jeyatransport.com
202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਕੀ ਰਾਮ ਮੰਦਰ ਮੁੱਦੇ ਉੱਤੇ ਕਾਨੂੰਨ ਬਣਾਉਣਾ ਸੰਵਿਧਾਨਕ ਹੋਵੇਗਾ

-ਐੱਨ ਕੇ ਸਿੰਘ-

ਆਰ ਐੱਸ ਐੱਸ ਦੇ ਵਿਚਾਰਕ ਆਗੂ ਰਾਕੇਸ਼ ਸਿਨਹਾ, ਜਿਨ੍ਹਾਂ ਨੂੰ ਕੁਝ ਮਹੀਨੇ ਪਹਿਲਾਂ ਰਾਸ਼ਟਰਪਤੀ ਨੇ ਰਾਜ ਸਭਾ ਮੈਂਬਰ ਨਾਮਜ਼ਦ ਕੀਤਾ ਸੀ, ਪਾਰਲੀਮੈਂਟ 'ਚ ਇੱਕ ਪ੍ਰਾਈਵੇਟ ਮੈਂਬਰ ਬਿੱਲ ਲਿਆਉਣਗੇ, ਜਿਸ ਦਾ ਉਦੇਸ਼ ਰਾਮ ਮੰਦਰ ਬਣਾਉਣ ਦਾ ਰਾਹ ਪੱਧਰਾ ਕਰਨਾ ਹੋਵੇਗਾ, ਭਾਵ ਵਿਵਾਦ ਪੂਰਨ ਜ਼ਮੀਨ ਐਕਵਾਇਰ ਕਰਨ ਤੋਂ ਬਾਅਦ ਕੇਂਦਰ ਸਰਕਾਰ ਇਹ ਥਾਂ ਰਾਮ ਮੰਦਰ ਬਣਾਉਣ ਲਈ ਕਿਸੇ ਇੱਕ ਜਾਂ ਕਈ ਸੰਗਠਨਾਂ ਨੂੰ ਦੇ ਦੇਵੇਗੀ।

ਆਮ ਤੌਰ ਉੱਤੇ 68 ਸਾਲਾਂ ਦੇ ਭਾਰਤੀ ਗਣਤੰਤਰ ਵਿੱਚ ਅੱਜ ਤੱਕ ਸਿਰਫ 14 ਪ੍ਰਾਈਵੇਟ ਮੈਂਬਰ ਬਿਲ ਹੀ ਪਾਸ ਹੋਏ ਹਨ। ਲੋਕ ਸਭਾ 'ਚ ਪਿਛਲੇ 48 ਸਾਲਾਂ ਤੋਂ ਇਸ ਤਰ੍ਹਾਂ ਦਾ ਕੋਈ ਬਿੱਲ ਪਾਸ ਨਹੀਂ ਹੋਇਆ। ਮੰਦਰ ਕੇਸ ਵਿੱਚ ਮੋਦੀ ਸਰਕਾਰ ਅਤੇ ਆਰ ਐੱਸ ਐੱਸ ਨੇ ਰਾਕੇਸ਼ ਸਿਨਹਾ ਦੇ ਰਾਹੀਂ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕਰਵਾ ਕੇ ਇੱਕ ਤੀਰ ਨਾਲ ਚਾਰ ਸ਼ਿਕਾਰ ਕਰਨ ਦਾ ਫੈਸਲਾ ਕੀਤਾ। ਕਾਨੂੰਨ ਦੀ ਮੰਗ ਕਰਨ ਵਾਲੇ ਰਾਮ ਭਗਤ ਹਿੰਦੂਆਂ ਅਤੇ ਸੰਘ ਦੇ ਲੋਕਾਂ ਨੂੰ ਲੱਗਾ ਕਿ ਸਚਮੁੱਚ ਕੁਝ ਹੋ ਰਿਹਾ ਹੈ। ਮੋਦੀ ਸਰਕਾਰ ਕੌਮਾਂਤਰੀ ਪੱਧਰ ਉੱਤੇ ਇਹ ਕਹਿ ਸਕਦੀ ਹੈ ਕਿ ਉਸ ਨੇ 'ਸਰਵ ਧਰਮ ਸਮਭਾਵ' ਦੇ ਰਾਜ ਲਈ ਬਣੇ ਸੰਵਿਧਾਨਕ ਸਿਧਾਂਤ ਨੂੰ ਕਾਇਮ ਰੱਖਿਆ ਹੈ। ਦੂਜੇ ਪਾਸੇ ਭਾਜਪਾ ਦੇ ਬੁਲਾਰੇ ਤੇ ਗਿਰੀਰਾਜ ਸਿੰਘ ਵਰਗੇ ਉਤਸ਼ਾਹੀ ਹਮਲਾਵਰ ਹਿੰਦੂਵਾਦ ਦੇ ਝੰਡਾਬਰਦਾਰ ਦਿਨ-ਰਾਤ ਵਿਰੋਧੀ ਧਿਰ ਤੋਂ ਪੁੱਛ ਸਕਣਗੇ ਕਿ ਬਿੱਲ ਦੇ ਪੱਖ ਵਿੱਚ ਵੋਟ ਦਿਓਗੇ ਕਿ ਨਹੀਂ? ਅਤੇ ਰਾਹੁਲ ਗਾਂਧੀ ਦੀ ਸਮੱਸਿਆ ਇਹ ਹੋਵੇਗੀ ਕਿ ਮੰਦਰ ਜਾਣ 'ਤੇ ਸਵਾਲ ਉਠਣਗੇ ਕਿ ਜੇ ਸ੍ਰੀ ਰਾਮ ਉਨ੍ਹਾਂ ਦੇ ਪੂਜਨੀਕ ਦੇਵਤਾ ਹਨ ਤਾਂ ਉਨ੍ਹਾਂ ਨੂੰ 'ਟੈਂਟ ਵਿੱਚ' ਕਿਉਂ ਰਹਿਣ ਦੇ ਰਹੇ ਹੋ?

ਅਸਲ ਗੱਲ ਇਹ ਹੈ ਕਿ ਜਿਸ ਫੈਸਲੇ ਦੀ ਬੁਨਿਆਦ 'ਤੇ ਸੁਬਰਾਮਨੀਅਮ ਸਵਾਮੀ ਜਾਂ ਭਾਜਪਾ ਵਾਲੇ ਪਾਰਲੀਮੈਂਟ ਵਿੱਚ ਕਾਨੂੰਨ ਬਣਾਉਣ ਦੀ ਤਾਕਤ ਦੀ ਗੱਲ ਕਰਦੇ ਹਨ, ਉਹ ਸੰਨ 1993 ਵਿੱਚ 67.703 ਏਕੜ ਜ਼ਮੀਨ ਐਕਵਾਇਰ ਕਰਨ ਨੂੰ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਬੈਂਚ ਵੱਲੋਂ ਜਾਇਜ਼ ਠਹਿਰਾਉਣ ਦਾ ਫੈਸਲਾ ਹੈ। ਉਨ੍ਹਾਂ ਦੀ ਇਹ ਸਮਝ ਹੈ ਕਿ ਐਕਵਾਇਰ ਕਰਨ ਸੰਬੰਧੀ ਕਾਨੂੰਨ (ਅਯੁੱਧਿਆ ਖੇਤਰ ਐਕਵਾਇਰ ਕਾਨੂੰਨ 1993) ਨੂੰ ਜਾਇਜ਼ ਠਹਿਰਾਇਆ ਜਾ ਚੁੱਕਾ ਹੈ। ਇਸ ਲਈ ਪਾਰਲੀਮੈਂਟ ਨੂੰ ਇਸ ਬਾਰੇ ਕਾਨੂੰਨ ਬਣਾ ਕੇ ਉਹ ਜ਼ਮੀਨ ਮੰਦਰ ਬਣਾਉਣ ਲਈ ਦੇ ਦੇਣੀ ਚਾਹੀਦੀ ਹੈ। ਇਹ ਦਲੀਲ ਗਲਤ ਹੈ। ਉਦੋਂ ਬਾਬਰੀ ਮਸਜਿਦ ਢਾਹੀ ਗਈ ਤੇ ਦੇਸ਼ ਭਰ ਵਿੱਚ ਵਿਆਪਕ ਤਣਾਅ ਫੈਲ ਗਿਆ ਸੀ ਅਤੇ ਦੰਗੇ ਹੋ ਰਹੇ ਸਨ। ਇਸ ਲਈ ਸੁਪਰੀਮ ਕੋਰਟ ਨੇ ਸਮਾਜ ਵਿੱਚ ਅਮਨ ਕਾਇਮ ਰੱਖਣ ਦੇ ਸਰਕਾਰ ਦੇ ਫੌਰੀ ਯਤਨਾਂ 'ਤੇ ਮੋਹਰ ਲਾ ਦਿੱਤੀ ਸੀ। ਅੱਜ ਮਾਮਲਾ ਜਾਇਦਾਦ, ਭਾਵ ਜ਼ਮੀਨੀ ਹਿੱਸੇ 'ਤੇ ਅਧਿਕਾਰ ਦਾ ਹੈ।

ਕਿਸੇ ਵੀ ਸੂਬੇ/ ਸਰਕਾਰ ਤੋਂ ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਉਹ ਪਾਰਲੀਮੈਂਟ/ ਵਿਧਾਨ ਸਭਾ ਦੇ ਵਿੱਚ ਬਹੁਮਤ ਦੇ ਨਾਂਅ ਉੱਤੇ ਧਰਮ ਨਿਰਪੱਖਤਾ ਦੇ ਕਾਨੂੰਨ ਨੂੰ ਠੇਂਗਾ ਦਿਖਾਉਂਦੇ ਹੋਏ ਸੰਵਿਧਾਨ ਦੇ ਬੁਨਿਆਦੀ ਢਾਂਚੇ ਨੂੰ ਛੇੜੇ। ਇਹ ਸੁਪਰੀਮ ਕੋਰਟ ਦੇ 13 ਮੈਂਬਰੀ ਸੰਵਿਧਾਨਕ ਬੈਂਚ ਵੱਲੋਂ ਕੇਸ਼ਵਾਨੰਦ ਭਾਰਤੀ ਕੇਸ ਵਿੱਚ ਦਿੱਤੇ ਸਿਧਾਂਤ ਦੀ ਅਣਦੇਖੀ ਹੋਵੇਗੀ। ਸੁਪਰੀਮ ਕੋਰਟ ਖੁਦ ਫੈਸਲਾ ਲੈ ਸਕਦੀ ਹੈ ਕਿ ਹਾਈ ਕੋਰਟ ਨੇ ਕਿਉਂਕਿ ਤਿੰਨਾਂ ਧਿਰਾਂ ਰਾਮਲੱਲਾ ਬਿਰਾਜਮਾਨ, ਨਿਰਮੋਹੀ ਅਖਾੜਾ ਅਤੇ ਸੁੰਨੀ ਸੈਂਟਰਲ ਵਕਫ ਬੋਰਡ ਨੂੰ ਬਰਾਬਰ ਜ਼ਮੀਨ ਵੰਡ ਦਿੱਤੀ ਹੈ, ਇਸ ਲਈ ਅਦਾਲਤ ਇਸ ਫੈਸਲੇ 'ਤੇ ਆਪਣੀ ਮੋਹਰ ਲਾਏ, ਜਦੋਂ ਵੀ ਫੈਸਲਾ ਹੋਵੇ।



ਰਾਮ ਮੰਦਰ-ਬਾਬਰੀ ਮਸਜਿਦ ਭੂਮੀ ਕੇਸ ਵਿੱਚ ਸੁਪਰੀਮ ਕੋਰਟ ਦਾ ਇਹ ਕਹਿਣਾ ਹੈ ਕਿ 2019 ਦੇ ਜਨਵਰੀ ਮਹੀਨੇ ਵਿੱਚ ਇੱਕ ਨਵਾਂ ਅਦਾਲਤੀ ਬੈਂਚ ਬਣਾਇਆ ਜਾਵੇਗਾ ਅਤੇ ਉਹੀ ਇਸ ਗੱਲ ਨੂੰ ਤੈਅ ਕਰੇਗਾ ਕਿ ਉਹ ਕਦੋਂ ਤੋਂ ਸੁਣਵਾਈ ਕਰੇ ਅਤੇ ਇਹ ਵੀ ਕਿ ਇਸ ਸੁਣਵਾਈ ਦੀ ਪ੍ਰਕਿਰਿਆ ਕੀ ਹੋਵੇਗੀ, ਕਈ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਨੂੰ ਜਨਮ ਦੇਣ ਲੱਗਾ। ਸਾਬਕਾ ਚੀਫ ਜਸਟਿਸ ਦੀਪਕ ਮਿਸ਼ਰਾ ਨੇ ਆਪਣੇ ਕਾਰਜਕਾਲ ਵੇਲੇ ਇੱਕ ਪਰੰਪਰਾ ਵਿਕਸਿਤ ਕੀਤੀ ਸੀ, ਜਿਸ ਦੇ ਤਹਿਤ ਸੰਵਿਧਾਨਕ ਬੈਂਚ ਆਮ ਤੌਰ 'ਤੇ ਵੱਡੇ ਮਾਮਲਿਆਂ ਬਾਰੇ ਰੋਜ਼ ਸੁਣਵਾਈ ਕਰਦਾ ਸੀ ਤੇ ਅਜੇ ਵੀ ਉਸ ਦੀ ਪਾਲਣਾ ਕੀਤੀ ਜਾਂਦੀ ਹੈ, ਪਰ ਵੱਡੇ ਬੈਂਚ ਲਈ ਇਹ ਲਾਜ਼ਮੀ ਨਹੀਂ। ਨਵੇਂ ਡਵੀਜ਼ਨ ਬੈਂਚ ਨੂੰ ਤੈਅ ਕਰਨਾ ਪਵੇਗਾ ਕਿ ਸੁਣਵਾਈ ਦੀ ਪ੍ਰਕਿਰਿਆ ਅਤੇ ਨਵੀਂ ਤਰੀਕ ਕੀ ਹੋਵੇ? ਨਾਲ ਹੀ ਸੁਣਵਾਈ ਰੋਜ਼ ਹੋਵੇ ਜਾਂ ਮਿੱਥੀ ਤਰੀਕ ਨੂੰ?

ਆਮ ਚੋਣਾਂ ਤੋਂ ਪਹਿਲਾਂ ਇਸ ਮੁੱਦੇ 'ਤੇ ਫੈਸਲਾ ਆਉਣਾ ਲਗਭਗ ਅਸੰਭਵ ਹੈ। ਸੁਪਰੀਮ ਕੋਰਟ ਨੇ ਬੀਤੀ 29 ਅਕਤੂਬਰ ਨੂੰ ਕਿਹਾ ਕਿ ਜਨਵਰੀ 'ਚ ਨਵਾਂ ਡਵੀਜ਼ਨ ਬੈਂਚ ਬਣਾਇਆ ਜਾਵੇਗਾ। ਇਸ ਫੈਸਲੇ ਪਿੱਛੋਂ ਮੰਦਰ ਬਣਵਾਉਣ ਤੇ ਇਸ ਲਈ ਕਾਨੂੰਨ ਲਿਆਉਣ ਦਾ ਦਬਾਅ ਮੋਦੀ ਸਰਕਾਰ 'ਤੇ ਉਨ੍ਹਾਂ ਦੇ ਆਪਣੇ ਬੰਦੇ ਅਤੇ ਆਪਣਾ ਸੰਗਠਨ ਹੀ ਨਹੀਂ ਪਾ ਰਿਹਾ, ਸਗੋਂ ਸੰਘ ਵੀ ਪਾ ਰਿਹਾ ਹੈ। ਸਵਾਲ ਇਹ ਹੈ ਕਿ ਕੀ ਮੋਦੀ ਸਰਕਾਰ ਪਾਰਲੀਮੈਂਟ ਵਿੱਚ ਇਸ ਦਾ ਕਾਨੂੰਨ ਬਣਾਉਣ ਦਾ ਇਰਾਦਾ ਰੱਖਦੀ ਹੈ? ਜੇ ਹਾਂ, ਤਾਂ ਕੀ ਕਾਨੂੰਨ ਪਾਰਲੀਮੈਂਟ ਦੇ ਦੋਵਾਂ ਸਦਨਾਂ ਵਿੱਚ ਪਾਸ ਹੋ ਸਕੇਗਾ? ਕੀ ਉਹ ਕਾਨੂੰਨ ਸੰਵਿਧਾਨਕ ਹੋਵੇਗਾ? ਜੇ ਨਹੀਂ ਤਾਂ ਕੀ ਇਹ ਚੋਣ ਤਮਾਸ਼ਾ ਬਣ ਜਾਵੇਗਾ, ਜਿਵੇਂ ਚੋਣਾਂ ਦੌਰਾਨ ਸਰਕਾਰਾਂ ਕਿਸੇ ਇੱਕ ਜਾਤ ਜਾਂ ਭਾਈਚਾਰੇ ਲਈ ਰਾਖਵੇਂਕਰਨ ਸੰਬੰਧੀ ਬਿੱਲ ਪਾਸ ਕਰਾਉਂਦੀਆਂ ਹਨ ਤੇ ਜਦੋਂ ਅਦਾਲਤ ਵਿੱਚ ਉਸ ਦਾ ਆਰਡੀਨੈਂਸ/ ਕਾਨੂੰਨ ਰੱਦ ਕਰ ਦਿੱਤਾ ਜਾਂਦਾ ਹੈ ਤਾਂ ਚੋਣਾਂ ਵਿੱਚ ਇਹ ਕਹਿ ਕੇ ਪੱਲਾ ਝਾੜ ਲਿਆ ਜਾਂਦਾ ਹੈ ਕਿ 'ਅਸੀਂ ਤਾਂ ਆਪਣਾ ਕੰਮ ਕਰ ਦਿੱਤਾ ਸੀ।' ਇਸ ਤਰ੍ਹਾਂ ਉਹ ਆਰਾਮ ਨਾਲ ਵੋਟਾਂ ਹਾਸਿਲ ਕਰ ਲੈਂਦੀਆਂ ਹਨ।

ਅਗਲੇ ਅਪ੍ਰੈਲ 'ਚ ਆਮ ਚੋਣਾਂ ਹੋਣਗੀਆਂ ਤੇ ਜੇ ਜਨਵਰੀ ਵਿੱਚ ਨਵਾਂ ਬੈਂਚ ਬਣੇਗਾ ਤਾਂ ਚੋਣਾਂ ਤੋਂ ਪਹਿਲਾਂ ਕੋਈ ਫੈਸਲਾ ਕਰਨ ਦੀ ਸਥਿਤੀ 'ਚ ਨਹੀਂ ਹੋਵੇਗਾ। ਜ਼ਰਾ ਸੋਚੋ ਕਿ ਜੇ ਸੁਪਰੀਮ ਕੋਰਟ ਰੋਜ਼ ਸੁਣਵਾਈ ਕਰ ਕੇ ਕੁਝ ਦਿਨਾਂ ਵਿੱਚ ਰਾਮ ਮੰਦਰ-ਬਾਬਰੀ ਮਸਜਿਦ ਭੂਮੀ ਵਿਵਾਦ ਬਾਰੇ ਫੈਸਲਾ ਸੁਣਾ ਦਿੰਦੀ ਤਾਂ ਉਸ ਦਾ ਕੀ ਅਸਰ ਪੈਂਦਾ।

ਫੈਸਲਾ ਚਾਹੇ ਜਿਸ ਦੇ ਪੱਖ 'ਚ ਵੀ ਜਾਂਦਾ, ਵਿਵਾਦ ਪੂਰਨ ਭੂਮੀ ਰਾਮਲੱਲਾ ਵਿਰਾਜਮਾਨ ਤੇ ਨਿਰਮੋਹੀ ਅਖਾੜਾ ਜਾਂ ਦੋਵਾਂ ਦੇ ਪੱਖ ਵਿੱਚ ਜਾਂਦੀ ਜਾਂ ਸੁੰਨੀ ਸੈਂਟਰਲ ਵਕਫ ਬੋਰਡ (ਯੂ ਪੀ) ਦੇ ਪੱਖ ਵਿੱਚ ਜਾਂਦੀ ਜਾਂ ਇਲਾਹਾਬਾਦ ਹਾਈ ਕੋਰਟ ਦੇ ਫੈਸਲੇ ਦੀ ਬਹਾਲੀ ਹੁੰਦੀ ਹੈ, ਭਾਵ ਸਾਰੀਆਂ ਤਿੰਨ ਧਿਰਾਂ ਨੂੰ ਜ਼ਮੀਨ ਦਾ ਇੱਕ ਤਿਹਾਈ ਹਿੱਸਾ ਮਿਲਦਾ, ਇਨ੍ਹਾਂ ਤਿੰਨਾਂ ਸਥਿਤੀਆਂ 'ਚ ਫਿਰਕੂ ਆਧਾਰ 'ਤੇ ਧਰੁਵੀਕਰਨ ਹੋਵੇਗਾ ਹੀ, ਹਿੰਦੂ ਖੁਸ਼ ਤਾਂ ਮੁਸਲਮਾਨ ਨਿਰਾਸ਼ ਅਤੇ ਜੇ ਮੁਸਲਮਾਨ ਖੁਸ਼ ਹੁੰਦਾ ਤਾਂ ਹਿੰਦੂ ਨਿਰਾਸ਼। ਹਾਈ ਕੋਰਟ ਦੇ ਫੈਸਲੇ ਨਾਲ ਦੋਵੇਂ ਵਰਗ ਨਾਰਾਜ਼ ਹੀ ਰਹਿੰਦੇ। ਜੇ ਚੋਣਾਂ ਤੋਂ ਪਹਿਲਾਂ ਧਰੁਵੀਕਰਨ ਹੁੰਦਾ ਤਾਂ ਸਿੱਧਾ ਲਾਭ ਭਾਜਪਾ ਨੂੰ ਮਿਲਦਾ, ਕਿਉਂਕਿ ਉਹ ਬਹੁਗਿਣਤੀ ਹਿੰਦੂਆਂ ਦੀ ਨੁਮਾਇੰਦਗੀ ਦਾ ਦਾਅਵਾ ਕਰਦੀ ਹੈ ਅਤੇ ਮੌਜੂਦਾ ਮਾਹੌਲ 'ਚ ਇਹ ਸੱਚ ਹੈ। ਇਸ ਲਈ ਅਦਾਲਤ ਲਈ ਇੱਕ ਨੈਤਿਕ ਸੰਕਵ ਵੀ ਸੀ ਕਿ ਜਿਸ ਮੁੱਦੇ 'ਤੇ 70 ਸਾਲਾਂ ਤੋਂ ਫੈਸਲਾ ਨਹੀਂ ਹੋਇਆ, ਉਸ 'ਤੇ ਇਹ ਫੈਸਲਾ ਕੀ ਕੁਝ ਮਹੀਨੇ ਹੋਰ ਨਹੀਂ ਰੁਕ ਸਕਦਾ?

ਦੂਜਾ, ਪਿਛਲੇ ਸਮੇਂ ਵਿੱਚ ਸੱਤਾ ਦੀ ਸਿਆਸਤ ਵਿੱਚ ਇੱਕ ਆਦਤ ਜਿਹੀ ਬਣ ਗਈ ਹੈ ਕਿ ਚਾਰ ਸਾਲ ਆਰਾਮ ਨਾਲ ਰਾਜ ਕਰੋ ਤੇ ਚੋਣਾਂ ਨੇੜੇ ਆਉਣ 'ਤੇ ਪਛਾਣ ਗਰੁੱਪਾਂ ਵਿੱਚ ਵੰਡੇ ਸਮਾਜ 'ਚ ਸਮੱਸਿਆਵਾਂ ਖੜ੍ਹੀਆਂ ਕਰ ਦਿਓ-ਕਦੇ ਰਾਖਵੇਂਕਰਨ ਦੇ ਨਾਂਅ ਉੱਤੇ ਤਾਂ ਕਦੇ ਜਲ ਵਿਵਾਦ ਪੈਦਾ ਕਰ ਕੇ, ਕਦੇ ਨਵੇਂ ਸੂਬੇ ਦੀ ਮੰਗ ਖੜ੍ਹੀ ਕਰ ਕੇ ਜਾਂ ਬੇਹੱਦ ਭਾਵਨਾਤਮਕ ਮੁੱਦੇ ਲੈ ਕੇ। ਫਿਰ ਵਿਧਾਨ ਪਾਲਿਕਾ 'ਚ ਜਾਂ ਇੱਕ ਬਿੱਲ ਪਾਸ ਕਰ ਦਿਓ, ਇਹ ਜਾਣਦੇ ਹੋਏ ਵੀ ਕਿ ਬਿੱਲ ਸੰਵਿਧਾਨ-ਸੰਮਤ ਨਹੀਂ ਹੈ ਤੇ ਅਦਾਲਤ ਉਸ ਵਿਰੁੱਧ ਸਟੇਅ ਆਰਡਰ ਦੇ ਦੇਵੇਗੀ।

ਪਿਛਲੇ ਕਈ ਸਾਲਾਂ ਤੋਂ ਸੱਤਾ ਦੀ ਸਿਆਸਤ ਕਰਨ ਵਾਲਿਆਂ ਦੀ ਆਦਤ ਨੂੰ ਅਦਾਲਤਾਂ ਪਛਾਣਦੀਆਂ ਹਨ। ਇਸ ਆਦਤ ਕਾਰਨ ਸਬਰੀਮਾਲਾ ਮੰਦਰ ਵਿੱਚ 10 ਤੋਂ 50 ਸਾਲ ਦੀ ਉਮਰ ਦੀਆਂ ਔਰਤਾਂ ਦੇ ਦਾਖਲੇ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਦੀਆਂ ਸਥਾਨਕ ਪੁਰਸ਼ ਭਗਤ-ਸਮਾਜ ਹੀ ਨਹੀਂ, ਸਗੋਂ ਸਿਆਸੀ ਪਾਰਟੀਆਂ ਵੀ ਧੱਜੀਆਂ ਉਡਾਉਂਦੇ ਹੋਏ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੂੰ ਨਾ ਸਿਰਫ ਨਸੀਹਤ ਦੇ ਰਹੀਆਂ ਹਨ, ਸਗੋਂ ਚਿਤਾਵਨੀ ਦੇਣ ਦੀ ਹਿਮਾਕਤ ਵੀ ਕਰਦੀਆਂ ਹਨ ਅਤੇ ਇਹ ਕਹਿ ਰਹੀਆਂ ਹਨ ਕਿ ਅਦਾਲਤ ਲੋਕਾਂ ਦੀ ਭਾਵਨਾ ਦਾ ਸਨਮਾਨ ਕਰੇ।

## ਆਓ ਬੱਚਿਓ ਦੀਵਾਲੀ ਇੰਝ ਮਨਾਈਏ



ਅਮਨਪ੍ਰੀਤ ਸਿੰਘ
9465554088

ਦਿਵਾਲੀ ਵਾਲੇ ਦਿਨ ਸੱਭ ਤੋਂ ਵੱਧ ਜੇ ਕੋਈ ਖੁਸ਼ ਹੁੰਦਾ ਹੈ ਤਾਂ, ਉਹ ਹਨ ਪਿਆਰੇ ਬੱਚੇ ਅੱਤੇ ਮੁੰਡੇ . ਕਿਉਂਕਿ ਇਸ ਦਿਨ ਉਹਨਾਂ ਨੂੰ ਪਟਾਕੇ ਚਲਾਉਣ ਨੂੰ ਜੁ ਮਿਲਦੇ ਹਨ . ਅੱਜ ਦੇ ਲੇਖ ਵਿੱਚ ਮੈਂ ਕੋਈ ਧਾਰਮਿਕ ਗੱਲ ਨਹੀਂ ਕਰ ਰਿਹਾ ਬੱਸ ਇੱਕ ਨਵੀ ਚੀਜ਼ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ਜੋ ਸਿਰਫ ਉਨ੍ਹਾਂ ਬੱਚਿਆਂ ਲਈ ਹੈ ਜੋ ਚਾਰ ਪੰਜ ਸੋ ਤੋਂ ਲੈ ਕੇ ਦੱਸ ਹਜ਼ਾਰ ਰੁਪਏ ਤੱਕ ਪਟਾਕਿਆਂ ਤੇ ਲਗਾ ਦਿੰਦੇ ਹਨ .

ਦਿਵਾਲੀ ਦਾ ਤਿਓਹਾਰ ਇੱਕ ਪਵਿਤਰ ਤਿਓਹਾਰ ਹੈ, ਵੈਸੇ ਪਟਾਕੇ ਚਲਾਉਣ ਵਿੱਚ ਕੋਈ ਬੁਰਾਈ ਨਹੀਂ ਹੈ . ਪਰ ਦਿਨੋ ਦਿਨ ਵੱਧ ਰਹੇ ਹਵਾ ਪ੍ਰਦੂਸ਼ਨ ਅਤੇ ਸ਼ੋਰ ਪ੍ਰਦੂਸ਼ਣ ਨੂੰ ਦੇਖਦੇ ਹੋਏ, ਅਸੀਂ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਹਾਂ ਕਿ ਖੁਸ਼ੀਆਂ ਸਿਰਫ ਪਟਾਕੇ ਚਲਾਉਣ ਨਾਲ ਹੀ ਮਨਾਈਆਂ ਜਾ ਸਕਦੀਆਂ ਹਨ ਯਾ ਫਿਰ ਕੋਈ ਹੋਰ ਵਧੀਆ ਤਰੀਕੇ ਵੀ ਹਨ .

ਬਚਿਓ ਮੈਂ ਤੁਹਾਨੂੰ ਇੱਕ ਗੱਲ ਪੁਛਣਾ ਚਾਹੁੰਦਾ ਹਾਂ ਕਿ ਤੁਸੀਂ ਪਟਾਕੇ ਆਖਿਰ ਚਲਾਉਂਦੇ ਕਿਉਂ ਹੋਂ ? ਜਵਾਬ ਇਹੋ ਹੀ ਹੋਵੇਗਾ ਕਿ ਪਟਾਕੇ ਚਲਾ ਕੇ ਮਜ਼ਾ ਬਹੁਤ ਆਉਂਦਾ ਹੈ . ਦੂਜਾ ਸਵਾਲ ਦੋ ਹਜ਼ਾਰ ਰੁਪਏ ਦੇ ਪਟਾਕੇ ਚਲਾ ਕੇ ਤੁਹਾਨੂੰ ਕਿਨ੍ਹੀ ਦੇਰ ਮਜ਼ਾ ਆਉਂਦਾ ਹੈ ? ਜਵਾਬ ਇਹੋ ਹੀ ਹੋਵੇਗਾ ਇੱਕ ਰਾਤ . ਯਾਨੀ ਕਿ ਤੁਹਾਨੂੰ ਇੱਕ ਰਾਤ ਦਾ ਮਜ਼ਾ ਦੋ ਹਜ਼ਾਰ ਰੁਪਏ ਵਿੱਚ ਪੈ ਜਾਂਦਾ ਹੈ .

ਜੇ ਮੈਂ ਤੁਹਾਨੂੰ ਇਹ ਕਹਾਂ ਕਿ ਤੁਸੀਂ ਦੋ ਹਜ਼ਾਰ ਰੁਪਏ ਵਿੱਚ ਸਾਰਾ ਇੱਕ ਦਿਨ ਦੀ ਬਜਾਏ ਸਾਰਾ ਸਾਲ ਪਟਾਕਿਆਂ ਨਾਲੋਂ ਵੀ ਵੱਧ ਮਜ਼ਾ ਲੈ ਸਕਦੇ ਹੋਂ ਤਾਂ ਕੀ ਫਿਰ ਤੁਸੀਂ ਮੇਰੀ ਗੱਲ ਸੁਣਨਾ ਪਸੰਦ ਕਰੋਂਗੇ ? ਜਵਾਬ ਤੁਹਾਡਾ ਹਾਂ ਵਿੱਚ ਹੀ ਹੋਵੇਗਾ, ਇਹ ਮੈਂ ਜਾਣਦਾ ਹਾਂ . ਹੁਣ ਮੈਂ ਤੁਹਾਨੂੰ ਕੁਝ ਅਜਿਹੇ ਤਰੀਕੇ ਦੁਸਾਂਗਾ ਜਿਨ੍ਹਾਂ ਦੀ ਮਦਦ ਨਾਲ ਤੁਸੀਂ ਪੂਰਾ ਸਾਲ ਭਰ ਮਜ਼ਾ ਲੈ ਸਕੋਂਗੇ .ਜੇ ਤੁਸੀਂ ਪੈਸੇ ਖਰਚਣੇ ਹੀ ਹਨ ਤਾਂ, ਉਹਨਾਂ ਪੈਸਿਆਂ ਨਾਲ ਤੁਸੀਂ ਸ਼ਤਰੰਜ, ਕੈਰਮ ਬੋਰਡ, ਬਿਜਨਸ ਗੇਮ ਆਦਿ ਖਰੀਦ ਸਕਦੇ ਹੋਂ, ਇੱਕ ਤਾਂ ਇਹਨਾਂ ਦੀ ਕੀਮਤ ਪਟਾਕਿਆਂ ਨਾਲੋਂ ਬਹੁਤ ਘੱਟ ਹੈ, ਦੂਜਾ ਇਹਨਾਂ ਨਾਲ ਤੁਹਾਡਾ ਬੋਧਿਕ ਵਿਕਾਸ ਵੀ ਬਹੁਤ ਹੋਵੇਗਾ ਅਤੇ ਮਜ਼ਾ ਤਾਂ ਇਹਨਾਂ ਨਾਲ ਬਹੁਤ ਆਵੇਗਾ, ਉਹ ਵੀ ਕਈ ਸਾਲਾਂ ਤਕ . ਜੇ ਤੁਹਾਨੂੰ ਖਾਨ ਪੀਣ ਦਾ ਸ਼ੌਂਕ ਹੈ ਅਤੇ ਤੁਹਾਨੂੰ ਬਾਜ਼ਾਰ ਵਿੱਚ ਜਾ ਕੇ ਪਾਰਟੀ ਕਰਨ ਦਾ ਸ਼ੌਂਕ ਹੈ, ਤਾਂ ਜੇ ਤੁਸੀਂ ਹਰ ਐਤਵਾਰ ਨੂੰ 200 ਰੁਪਏ ਦੀ ਵੀ ਪਾਰਟੀ ਕਰ ਲਵੋ ਤਾਂ, ਤੁਸੀਂ ਦੋ ਹਜ਼ਾਰ ਰੁਪਏ ਵਿੱਚ 10 ਹਫਤੇ ਪਾਰਟੀ ਕਰ ਸਕਦੇ ਹੋਂ ਯਾਨੀ ਕਿ ਢਾਈ ਮਹੀਨੇ ਮਜ਼ੇ ਲੈ ਸਕਦੇ ਹੋਂ .

ਕਈ ਬੱਚੇ ਇਹੋ ਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਂਕ ਹੁੰਦਾ ਹੈ . ਜੇ ਇੱਕ ਕਿਤਾਬ ਦੋ ਸੋ ਰੁਪਏ ਦੀ ਵੀ ਆਵੇ ਤਾਂ ਦੋ ਹਜ਼ਾਰ ਰੁਪਏ ਵਿੱਚ 10 ਕਹਾਣੀ ਵਾਲੀ ਕਿਤਾਬਾਂ ਬੜੇ ਹੀ ਆਰਾਮ ਨਾਲ ਆ ਜਾਣਗੀਆਂ ਜੋ ਤੁਹਾਡਾ ਸਾਲ ਭਰ ਮਨੋਰੰਜਨ ਆਰਾਮ ਨਾਲ ਕਰਨਗੀਆਂ .

ਪਰ ਜੇ ਤੁਸੀਂ ਬਹੁਤ ਦਿਮਾਗਦਾਰ ਅਤੇ ਕਿਫਾਇਤੀ ਬੱਚੇ ਹੋਂ ਤਾਂ ਤੁਸੀਂ ਇਸ ਪੈਸੇ ਨੂੰ ਸੰਭਾਲ ਕੇ ਵੀ ਰਖ ਸਕਦੇ ਹੋਂ, ਤਾਂ ਕਿ ਤੁਸੀਂ ਆਪਣੀ ਜਰੂਰਤ ਵੇਲੇ ਯਾ ਆਪਣੀ ਮਨਪਸੰਦ ਚੀਜ਼ ਲੈਣ ਲਈ ਉਹਨਾਂ ਨੂੰ ਵਰਤ ਸਕੋ . ਤੁਸੀਂ ਇਹ ਦਿਵਾਲੀ ਕਿਸੇ ਗਰੀਬ ਬਚੇ ਨੂੰ ਮਿਠਿਆਈ ਦੇ ਕੇ ਵੀ ਮਨਾ ਸਕਦੇ ਹੋ .

ਸੋ ਇਹ ਸਨ 2018 ਦੀ ਦਿਵਾਲੀ ਮਨਾਉਣ ਦੇ ਮਜ਼ੇਦਾਰ ਤਰੀਕੇ . ਬਚਿਓ ਕੀ ਤੁਹਾਨੂੰ ਪਤਾ ਹੈ ਜਦੋਂ ਵੀ ਤੁਸੀਂ ਕੋਈ ਬੰਬ ਫੋੜ ਦੇ ਹੋਂ, ਤਾਂ ਘਰਾਂ ਵਿੱਚ ਬੈਠੇ ਬਜੁਰਗਾਂ ਦੇ ਮੂਹੋਂ ਗਾਲ ਹੀ ਨਿਕਲਦੀ ਹੈ ਕਿਉਂਕਿ ਉਹ ਜਿਆਦਾ ਆਵਾਜ਼ ਬਰਦਾਸ਼ਤ ਨਹੀਂ ਕਰ ਪਾਉਂਦੇ . ਆਪਾਂ ਕਿਉਂ ਗਾਲ੍ਹਾਂ ਖਾਂਦੇ ਹਾਂ ? ਨਾਲੇ ਇਨ੍ਹੇ ਜਿਆਦਾ ਪੈਸੇ ਖਰਚ ਕਰਕੇ ਕਿਉਂ ਸਿਰਫ ਇੱਕ ਰਾਤ ਦਾ ਹੀ ਮਜ਼ਾ ਲੈਂਦੇ ਹਾਂ ? ਆਪਾਂ ਕਿਉਂ ਨਾ ਆਪਣਾ ਦਿਮਾਗ ਲੜਾਈਏ ਅਤੇ ਸਾਰਾ ਸਾਲ ਹੀ ਦਿਵਾਲੀ ਮਨਾਈਏ ਅਤੇ ਮਜ਼ੇ ਲਈਏ ? ਤੁਹਾਡਾ ਕੀ ਵਿਚਾਰ ਹੈ ?

## ਚਿੱਠੀਆਂ ਹੋਣ ਮਿੱਠੀਆਂ

-ਜੋਧ ਸਿੰਘ ਮੋਗਾ-

ਅੱਜ ਤੋਂ 70-80 ਸਾਲ ਪਹਿਲਾਂ ਚਿੱਠੀ ਦਾ ਬੜਾ ਮੁੱਲ ਸੀ, ਪਰ ਬਹੁਤੀ ਵਰਤੋਂ ਪੋਸਟਕਾਰਡ ਦੀ ਹੁੰਦੀ ਸੀ, ਮੁੱਲ ਵੀ ਵਾਹਵਾ ਸੀ; ਤਿੰਨ ਪੈਸੇ। ਚਿੱਠੀ ਕਦੀ ਕਦਾਈਂ ਆਉਂਦੀ ਸੀ। ਉਹ ਵੀ ਮਰਨੇ ਪਰਨੇ 'ਤੇ, ਨਹੀਂ ਤਾਂ ਸਮਝਿਆ ਜਾਂਦਾ ਸੀ ਕਿ ਸਭ ਸੁੱਖ ਸਾਂਦ ਹੈ। ਮਾੜੀ ਖਬਰ ਵਾਲੇ ਕਾਰਡ ਉੱਤੇ ਇਕ ਅੱਧ ਸਤਰ ਹੀ ਲਿਖੀ ਹੁੰਦੀ ਸੀ ਜਾਂ ਕਾਰਡ ਦਾ ਇਕ ਕੋਨਾ ਜ਼ਰਾ ਕੁ ਪਾੜਿਆ ਹੁੰਦਾ ਸੀ।

ਖੁਸ਼ੀ ਜਾਂ ਵਧਾਈ ਵਾਲੀ ਚਿੱਠੀ ਉੱਤੇ ਪੀਲੇ ਰੰਗ ਦਾ ਛਿੱਟਾ ਦਿੱਤਾ ਹੁੰਦਾ ਸੀ। ਵਿਆਹ ਸ਼ਾਦੀਆਂ ਅਤੇ ਸਾਹੇ ਚਿੱਠੀ ਲਿਫਾਫੇ 'ਚ ਖੰਮਣੀ ਸਮੇਤ ਹੁੰਦੀ ਸੀ। ਵਿਆਹ ਦੀ ਤਰੀਕ, ਜਾਂਜੀਆਂ ਦੀ ਗਿਣਤੀ ਅਤੇ ਹੋਰ ਵੇਰਵੇ ਲਿਖਤੀ ਸਬੂਤ ਮੰਨੇ ਜਾਂਦੇ ਸਨ। ਪੁਰਾਣੇ ਲੋਕ ਘੱਟ ਸਿਆਣੇ ਨਹੀਂ ਸਨ। ਉਹ ਜ਼ਰੂਰੀ ਖਤ ਬਿਨਾਂ ਟਿਕਟ ਲਾਏ ਪਾ ਦਿੰਦੇ ਸਨ, ਜਿਸ ਨੂੰ ਬੇਰੰਗ ਆਖਦੇ ਸਨ। ਉਸ ਸਮੇਂ ਪਟਵਾਰੀ ਅਤੇ ਮੁਨਸ਼ੀ ਵਾਂਗ ਡਾਕੀਏ ਦਾ ਮਾਣ ਤਾਣ ਹੁੰਦਾ ਸੀ। ਚੰਗੀ ਖਬਰ ਲਿਆਉਣ 'ਤੇ ਉਸ ਦਾ ਮੂੰਹ ਮਿੱਠਾ ਕਰਾਇਆ ਜਾਂਦਾ ਅਤੇ ਮਨੀਆਰਡਰ ਲਿਆਉਣ 'ਤੇ ਰੁਪਈਆ ਧੈਲੀ ਦੇ ਦਿੰਦੇ ਸਨ। ਛੱਡੋ ਪੁਰਾਣੀਆਂ ਗੱਲਾਂ, ਕੋਈ ਅੱਜ ਦੀ ਗੱਲ ਕਰੀਏ।

ਅੱਜ ਕੱਲ੍ਹ ਪ੍ਰਧਾਨਗੀ ਹੈ ਮੋਬਾਈਲੀ ਚਿੱਠੀਆਂ ਦੀ। ਉਡੀਕਣ ਦੀ ਲੋੜ ਨਹੀਂ। ਬਿਨਾਂ ਲੋੜ ਮੋਬਾਈਲੀ ਚਿੱਠੀਆਂ ਰਾਤ ਦਿਨ ਆਈ ਜਾਂਦੀਆਂ ਹਨ। ਕੋਈ ਪੜ੍ਹੇ ਜਾਂ ਨਾ। ਰਾਤ ਨੂੰ ਹੀ ਅਗੇਤੀ 'ਗੁੱਡ ਮੌਰਨਿੰਗ' ਆ ਜਾਂਦੀ ਹੈ ਅਤੇ ਨਵੇਂ ਸਾਲ ਦੀਆਂ ਅਣਪਛਾਤੀਆਂ ਵਧਾਈਆਂ, 'ਹੈਪੀ ਦੀਵਾਲੀ' ਦੇ ਉਡਦੇ ਖਤ ਤੁਹਾਡੇ ਮੋਬਾਈਲ 'ਚ ਡਿੱਗਦੇ ਰਹਿੰਦੇ ਹਨ।

ਹੱਥ ਲਿਖਤ ਚਿੱਠੀ ਜੇ ਸੁੱਖ ਸਾਂਦ, ਖੁਸ਼ੀ ਵਾਲੀ ਅਤੇ ਖੁਸ਼ਬੂਦਾਰ ਹੋਵੇ ਤਾਂ ਬੜੀ ਪਿਆਰੀ ਲੱਗਦੀ ਹੈ। ਕਈ ਵਾਰ ਪੜ੍ਹੀ ਜਾਂਦੀ ਹੈ, ਹੋਰਾਂ ਨੂੰ ਦਿਖਾਈ ਤੇ ਸੁਣਾਈ ਜਾਂਦੀ ਹੈ ਅਤੇ ਸਾਂਭ-ਸਾਂਭ ਕੇ ਰੱਖੀ ਜਾਂਦੀ ਹੈ। ਇਕ ਅੰਗਰੇਜ਼ ਅਫਸਰ ਦਾ ਮੇਰੇ ਪਿਤਾ ਜੀ ਨੂੰ ਲਿਖਿਆ ਪ੍ਰਸੰਸਾ ਪੱਤਰ, ਜੋ 110 ਸਾਲ ਪੁਰਾਣਾ ਹੈ, ਮੈਂ ਸਾਂਭ ਕੇ ਰੱਖਿਆ ਹੈ। ਸਾਂਭੇ ਹੋਏ ਪੁਰਾਣੇ ਪੱਤਰ ਆਪਾਂ ਨੂੰ ਪਿਛਲੇ ਸਮੇਂ ਵਿੱਚ ਲੈ ਜਾਂਦੇ ਹਨ ਅਤੇ ਮਿੱਠੀਆਂ ਯਾਦਾਂ ਰਾਹੀਂ ਆਨੰਦ ਦਿਵਾਉਂਦੇ ਹਨ। ਪੁਰਾਣੇ ਗੀਤਾਂ, ਫਿਲਮਾਂ ਤੇ ਬੋਲੀਆਂ ਵਿੱਚ ਵੀ ਚਿੱਠੀ ਆਪਣਾ ਸਥਾਨ ਰੱਖਦੀ ਹੈ। ਅੱਜ ਕੱਲ੍ਹ ਬਹੁਤੇ ਪੱਤਰੀ ਲਿਫਾਫੇ ਇੰਟਰਵਿਊ, ਨਿਯੁਕਤੀਆਂ ਬਦਲੀਆਂ, ਟੈਕਸਾਂ ਜਾਂ ਕਈ ਵਾਰੀ ਕਚਹਿਰੀਆਂ ਵੱਲੋਂ ਹੀ ਆਉਂਦੇ ਹਨ ਅਤੇ ਇਨ੍ਹਾਂ ਵਿੱਚ ਵੀ 'ਕਭੀ ਖੁਸ਼ੀ ਕਭੀ ਗਮ' ਹੀ ਹੁੰਦਾ ਹੈ, ਜੋ ਕਦੀ ਹੱਥ ਲਿਖਤ ਨਹੀਂ ਹੁੰਦਾ।

ਮਿਰਜ਼ਾ ਗਾਲਿਬ ਮਹਾਨ ਸ਼ਾਇਰ ਤਾਂ ਸਨ ਹੀ, ਉਨ੍ਹਾਂ ਦੇ ਖਤ ਵੀ ਮੂੰਹੋਂ ਬੋਲਦੇ ਸਨ। ਕਦੇ ਪੜ੍ਹ ਕੇ ਦੇਖੋ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਗਾਲਿਬ ਤੁਹਾਡੇ ਕੋਲ ਬੈਠਾ ਗੱਲਾਂ ਕਰਦਾ ਹੈ। ਮਿੱਠੀਆਂ-ਮਿੱਠੀਆਂ। ਆਪਾਂ ਵੀ ਮਿੱਠੇ ਖਤ ਲਿਖੀਏ। ਉਤੇ ਪਤਾ ਅਤੇ ਮਿਤੀ ਲਿਖ ਕੇ ਪਿਆਰ ਸੰਬੋਧਨ ਤਾਂ ਕਰਦੇ ਹਾਂ, ਆਰੰਭ ਵੀ ਖੁਸ਼ੀ ਮੁਸਕਰਾਹਟ ਭਰਿਆ ਅਤੇ ਨਿਰਾਲਾ ਵੱਖਰਾ ਜਿਹਾ ਹੋਵੇ ਤਾਂ ਜੋ ਪੂਰੀ ਚਿੱਠੀ ਪੜ੍ਹੇ ਬਿਨਾਂ ਰਿਹਾ ਨਾ ਜਾ ਸਕੇ ਤੇ ਉਹ ਵੀ ਦੋ ਵਾਰ। ਤੁਸੀਂ ਉਸ ਨੂੰ ਸਾਹਮਣੇ ਬੈਠੇ ਦਿਸਦੇ ਹੋਵੋ। ਚਿੱਠੀ ਦਾ ਅਸਲੀ ਉਦੇਸ਼ ਪੂਰੇ ਵਿਸਥਾਰ ਨਾਲ ਲਿਖਣਾ ਜ਼ਰੂਰੀ ਹੈ, ਪਰ ਅੰਤ ਤੇ ਸਮਾਪਤੀ ਐਸੀ ਹੋਵੇ ਕਿ ਅਗਲਾ ਉਤਰ ਦੇਣ ਤੋਂ ਰਹਿ ਨਾ ਸਕੇ। ਸਾਡੇ ਨੇੜੇ ਡਾਕਟਰ ਚੌਕ ਦੀ ਵੱਡੀ ਬੱਤੀ ਕੁਝ ਦਿਨ ਖਰਾਬ ਰਹੀ। ਕਈਆਂ ਨੇ ਸ਼ਿਕਾਇਤਾਂ ਤੇ ਗੁਸੀਲੇ ਫੋਨ ਕੀਤੇ, ਪਰ ਗੱਲ ਨਾ ਬਣੀ। ਮੈਂ ਪੰਜਾਂ ਦੇ ਲਿਫਾਫੇ ਵਿੱਚ ਇਕ ਚਿੱਠੀ ਅਫਸਰ ਨੂੰ ਪਾ ਦਿੱਤੀ। ਪਹਿਲੇ ਕੰਮ ਦੀ ਸੰਖੇਪ ਜਿਹੀ ਪ੍ਰਸੰਸਾ ਕਰਕੇ ਬਿਜਲੀ ਪੋਲ ਦੀ ਥਾਂ ਤੇ ਰਸਤਾ ਸਾਦਾ ਲਕੀਰਾਂ ਰਾਹੀਂ ਉਲੀਕ ਦਿੱਤਾ, ਲੋਕਾਂ ਦੀ ਰਾਤ ਦੀ ਤਕਲੀਫ ਦੱਸ ਕੇ ਨਿਮਰਤਾ ਸਹਿਤ ਠੀਕ ਕਰਨ ਦੀ ਬੇਨਤੀ ਕੀਤੀ। ਅਗਲੇ ਦਿਨ ਰਾਤ ਸਮੇਂ ਚੌਕ ਜਗਮਗ ਕਰਦਾ ਸੀ। ਆਪਣਾ ਫਰਜ਼ ਜਾਣ ਕੇ ਮੈਂ ਵੀ ਧੰਨਵਾਦ ਦਾ ਪੱਤਰ ਪਾ ਦਿੱਤਾ। ਅੱਜ ਕੱਲ੍ਹ ਲੋੜ ਪੈਣ 'ਤੇ ਫੋਨ ਰਾਹੀਂ ਕੰਮ ਸਰ ਜਾਂਦਾ ਹੈ।

ਜੇ ਚਿੱਠੀ ਆਪਣੇ ਬੌਸ ਨੂੰ, ਕਿਸੇ ਅਫਸਰ ਨੂੰ ਜਾਂ ਅਖਬਾਰ ਦੇ ਸੰਪਾਦਕ ਵੱਲ ਹੈ ਤਾਂ ਮੇਰਾ ਵਿਚਾਰ ਹੈ ਕਿ ਪਹਿਲਾਂ ਇਕ ਵਾਰੀ ਰਫ ਜ਼ਰੂਰ ਲਿਖੀ ਜਾਵੇ। ਉਨ੍ਹਾਂ ਕੋਲ ਪੜ੍ਹਨ ਦਾ ਸਮਾਂ ਘੱਟ ਹੁੰਦਾ ਹੈ। ਕਾਂਟ ਛਾਂਟ ਕਰਕੇ ਸੰਖੇਪ ਕੀਤੀ ਜਾਵੇ, ਵਾਧੂ ਗੱਲ ਨਾ ਲਿਖੀ ਜਾਵੇ ਤੇ ਫੇਰ ਸਾਫ ਸੁਥਰੀ ਲਿਖਾਈ ਵਿੱਚ ਲਿਖੀ ਜਾਵੇ ਤਾਂ ਬਹੁਤੀ ਅਸਰਦਾਰ ਹੋਵੇਗੀ। ਪਤਾ ਸਾਫ ਸੁਥਰਾ, ਸਪੱਸ਼ਟ ਅਤੇ ਪੂਰਾ ਹੋਣਾ ਬਹੁਤ ਜ਼ਰੂਰੀ ਹੈ। ਮਿੱਠੀ ਚਿੱਠੀ ਜੇ 20 ਗ੍ਰਾਮ ਤੋਂ ਭਾਰੀ ਲੱਗਦੀ ਹੈ ਤਾਂ ਉਸ ਨੂੰ ਤੁਲਵਾ ਲਵੋ ਅਤੇ ਲੋੜ ਹੈ ਤਾਂ ਪੰਜਾਂ ਦਾ ਟਿਕਟ ਹੋਰ ਲਾਓ, ਨਹੀਂ ਤਾਂ ਅਗਲੇ ਨੂੰ ਦਸ ਰੁਪਏ ਭਰਨੇ ਪੈਣਗੇ।

ਅੱਜ ਕੱਲ੍ਹ ਆਪਾਂ ਬਹੁਤੀ ਵਰਤੋਂ ਲਿਫਾਫੇ ਦੀ ਕਰਦੇ ਹਾਂ। ਲਿਫਾਫਾ ਮਰੋੜਿਆ ਤਰੋੜਿਆ ਤੇ ਭੰਨ ਪਿਆ ਨਾ ਹੋਵੇ, ਸਾਫ ਸੁਥਰਾ ਹੋਵੇ, ਕਿਉਂਕਿ ਪਹਿਲੀ ਨਜ਼ਰ ਲਿਫਾਫੇ 'ਤੇ ਪੈਣੀ ਹੈ। ਉਰਦੂ ਦਾ ਇਕ ਮਿਸਰਾ ਹੈ, 'ਖਤ ਕਾ ਮਜ਼ਮੂੰ ਭਾਂਪ ਲੇਤੇ ਹੈ ਲਿਫਾਫਾ ਦੇਖ ਕਰ।' ਲਿਫਾਫੇ ਤੋਂ ਚਿੱਠੀਕਾਰ ਦਾ ਅੰਦਾਜ਼ਾ ਲੱਗ ਜਾਂਦਾ ਹੈ ਅਤੇ ਅੰਦਰਲੀ ਲਿਖਾਈ ਖੋਲ੍ਹ ਕੇ ਪਤਾ ਲੱਗਦੀ ਹੈ। ਲਿਖਾਈ ਮਾਹਰ ਦੱਸਦੇ ਹਨ ਕਿ ਤੁਹਾਡੀ ਲਿਖਾਈ ਤੁਹਾਡੀ ਸ਼ਖਸੀਅਤ ਦਾ ਬਿੰਬ ਹੁੰਦੀ ਹੈ। ਪੱਤਰ ਆਰਾਮ ਨਾਲ ਬੈਠ ਕੇ ਲਿਖੋ। ਚਿੱਠੀ ਲਿਫਾਫੇ 'ਚ ਫਸਵੀਂ ਨਾ ਪਾਓ, ਤਾਂ ਜੋ ਖੋਲ੍ਹਣ ਸਮੇਂ ਪਾਟ ਨਾ ਜਾਵੇ। ਆਈ ਚਿੱਠੀ ਜੇ ਜ਼ਰੂਰੀ ਹੈ ਤਾਂ ਤਾਰ ਜਾਂ ਫਾਈਲ 'ਚ ਟੰਗੋ। ਕਈ ਚਿੱਠੀਆਂ ਕੌੜੀਆਂ ਅਤੇ ਖਤਰਨਾਕ ਹੋ ਸਕਦੀਆਂ ਹਨ ਜੋ ਕਚਹਿਰੀਆਂ ਦੇ ਚੱਕਰ ਲਵਾ ਸਕਦੀਆਂ ਹਨ। ਹੋਰ ਕਿਸੇ ਦੇ ਹੱਥ ਆਉਣ ਤੋਂ ਪਹਿਲਾਂ ਸਾੜ ਦੇਵੋ ਤਾਂ ਚੰਗਾ ਹੈ। ਮੁੰਡਿਆਂ ਕੁੜੀਆਂ ਦੀਆਂ ਚਿੱਠੀਆਂ ਬਾਰੇ ਗੱਲ ਨਹੀਂ ਕਰਨੀ।

ਗੱਲ ਤੁਰੀ ਹੈ ਲਿਫਾਫੇ ਦੀ। ਅੰਤ ਵਿੱਚ ਇਕ ਹੋਰ ਲਿਫਾਫੇ ਦੀ ਗੱਲ ਕਰ ਲਈਏ, ਉਹ ਹੈ ਸ਼ਹਿਰੀ ਲਿਫਾਫਾ। ਅੱਜ ਦੇ ਰਿਵਾਜ ਅਨੁਸਾਰ ਆਪਾਂ ਵਿਆਹ ਸ਼ਾਦੀ 'ਤੇ ਬਿਨਾਂ ਟਿਕਟ ਰੰਗੀਨ ਲਿਫਾਫੇ 'ਚ ਬੰਦ ਕਰਕੇ ਗੁਪਤ ਸ਼ਗਨ ਪਾਉਂਦੇ ਹਾਂ। ਮੇਰੇ ਇਕ ਮਿੱਤਰ ਦੇ ਪੋਤੇ ਦੇ ਸ਼ਗਨ ਵਾਲੇ ਲਿਫਾਫਿਆਂ ਵਿੱਚੋਂ ਦੋ ਖਾਲੀ ਨਿਕਲ ਆਏ। ਸ਼ਗਨ ਦਾਤਿਆਂ ਦਾ ਖਿਆਲ ਠੀਕ ਸੀ 'ਐਨਿਆਂ ਲਿਫਾਫਿਆਂ' 'ਚ ਬੜਾ ਪਤਾ ਲੱਗਦਾ ਹੈ, ਨਾਲੇ ਫੋਟੋ ਤਾਂ ਖਿੱਚੀ ਹੀ ਗਈ ਹੈ।

ਤੁਸੀਂ ਸ਼ਗਨ ਪਾਉਣ ਚੱਲੇ ਹੋ? ਜੇ ਨੋਟ ਪਾਇਆ ਹੈ ਤਾਂ ਆਸ਼ੀਰਵਾਦ ਦੇ ਹੇਠਾਂ ਆਪਣਾ ਨਾਂ ਲਿਖਣਾ ਨਾ ਭੁੱਲਣਾ। ਤੁਸੀਂ ਤਾਂ ਬੜ੍ਹੇ ਪੜ੍ਹੇ ਲਿਖੇ ਹੋ। ਤੁਹਾਨੂੰ ਚਿੱਠੀ ਲਿਖਣਾ ਥੋੜ੍ਹਾ ਸਿਖਾਉਣਾ ਹੈ। ਸਿਰਫ ਇਹ ਕਹਿਣਾ ਹੈ ਕਿ ਚਿੱਠੀ 'ਚ ਜਾਨ ਹੋਵੇ, ਮੂੰਹੋਂ ਬੋਲੇ, ਰੂਹ ਵਾਲੀ ਹੋਵੇ ਅਤੇ ਬੜੀ ਮਿੱਠੀ ਵੀ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep
SOLD $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।
FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।
FOR SALE $1,129,900 Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਨ, ਬੇਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ ।

# ਬਾਹਰੀ ਤਾਕਤਾਂ ਪੰਜਾਬ ਤੇ ਉਤਰ ਪੂਰਬ ਦਾ ਮਾਹੌਲ ਵਿਗਾੜਨ ਦੇ ਰੌਂਅ ਵਿੱਚ ਹਨ : ਜਨਰਲ ਰਾਵਤ



ਨਾਭਾ, 5 ਨਵੰਬਰ (ਪੋਸਟ ਬਿਊਰੋ)- ਭਾਰਤੀ ਫੌਜ ਦੇ ਮੁਖੀ ਜਨਰਲ ਵਿਪਿਨ ਰਾਵਤ ਨੇ ਕੱਲ੍ਹ ਇੱਕ ਸਮਾਗਮ ਵਿੱਚ ਖਾਸ ਤੌਰ ਉੱਤੇ ਸ਼ਾਮਲ ਹੋਣ ਸਮੇਂ ਗੱਲਬਾਤ ਦੌਰਾਨ ਕਿਹਾ ਕਿ ਕੁਝ ਬਾਹਰੀ ਤਾਕਤਾਂ ਪੰਜਾਬ ਤੇ ਉੱਤਰ ਪੂਰਬ ਵਿੱਚ ਦਹਿਸ਼ਤ ਪੈਦਾ ਕਰ ਕੇ ਮਾਹੌਲ ਖਰਾਬ ਕਰਨਾ ਚਾਹੁੰਦੀਆਂ ਹਨ। ਰੈਫਰੈਂਡਮ 2020 ਬਾਰੇ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਜਨਰਲ ਰਾਵਤ ਨੇ ਕਿਹਾ ਕਿ ਅੰਦਰੂਨੀ ਸੁਰੱਖਿਆ ਲਈ ਸਾਰੇ ਸੂਬਿਆਂ ਦੀ ਇੰਟੈਲੀਜੈਂਸ ਅਤੇ ਅਸੀਂ ਮਿਲ ਕੇ ਕੰਮ ਕਰ ਰਹੇ ਹਾਂ ਅਤੇ ਪੰਜਾਬ ਜਾਂ ਹੋਰ ਕਿਸੇ ਵੀ ਸੂਬੇ ਵਿੱਚ ਖਾੜਕੂਵਾਦ ਪੈਦਾ ਨਹੀਂ ਹੋਣ ਦਿੱਤਾ ਜਾਵੇਗਾ। ਸਾਨੂੰ ਜੋ ਵੀ ਕਦਮ ਚੁੱਕਣਾ ਪਵੇ, ਚੁੱਕਣ ਵਿਚ ਦੇਰੀ ਨਹੀਂ ਚਾਹੀਦੀ।

ਇਸ ਤੋਂ ਪਹਿਲਾਂ ਜਨਰਲ ਰਾਵਤ ਨੇ ਪੰਜਾਬ ਪਬਲਿਕ ਸਕੂਲ ਦੇ ਸਾਲਾਨਾ ਸਥਾਪਨਾ ਦਿਵਸ ਵਾਲੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਸਕੂਲ ਦਾ ਸੁਨਹਿਰੀ ਇਤਿਹਾਸ ਰਿਹਾ ਹੈ। ਇਸ ਨੇ ਅਨੇਕ ਵਿਦਿਆਰਥੀਆਂ ਨੂੰ ਫੌਜ ਦਾ ਜਰਨੈਲ ਬਣਾਇਆ। ਇਸ ਮੌਕੇ ਜਨਰਲ ਸੁਰਿੰਦਰ ਸਿੰਘ ਜੀ ਓ ਸੀ ਇਨ ਚੀਫ ਵੈਸਟਰਨ ਕਮਾਂਡ, ਮੇਜਰ ਜਨਰਲ ਕੇ ਐੱਸ ਨਿੱਝਰ, ਸ੍ਰੀਮਤੀ ਮਧੂਲਿਕਾ ਰਾਵਤ, ਕਮਿਸ਼ਨਰ ਦੀਪਇੰਦਰ ਸਿੰਘ, ਜੈ ਸਿੰਘ ਗਿੱਲ ਸਾਬਕਾ ਚੀਫ ਸੈਕਟਰੀ ਪੰਜਾਬ, ਡਿਪਟੀ ਕਮਿਸ਼ਨਰ ਕੁਮਾਰ ਅਮਿਤ ਤੇ ਐੱਸ ਐੱਸ ਪੀ ਮਨਦੀਪ ਸਿੰਘ ਸਿੱਧੂ ਮੌਜੂਦ ਸਨ।

# ਅਪਰੇਸ਼ਨ ਬਲਿਊ ਸਟਾਰ ਮੌਕੇ ਭਿੰਡਰਾਂਵਾਲੇ ਦੇ ਪੋਸਟ ਮਾਰਟਮ ਨੂੰ ਕੋਈ ਡਾਕਟਰ ਹਾਂ ਨਹੀਂ ਸੀ ਕਰਦਾ

### * ਡਾਕਟਰ ਜੇ ਐਸ ਵਧਵਾ ਦੀ ਜੀਵਨੀ ਵਿੱਚ ਖਾਸ ਖੁਲਾਸੇ

ਜਲੰਧਰ, 5 ਨਵੰਬਰ (ਪੋਸਟ ਬਿਊਰੋ)- ਅੱਖਾਂ ਦੇ ਪ੍ਰਸਿੱਧ ਡਾਕਟਰ ਜੇ ਐਸ ਵਧਵਾ ਦਾ ਕਹਿਣਾ ਹੈ ਕਿ ਅਪਰੇਸ਼ਨ ਬਲਿਊ ਸਟਾਰ ਮੌਕੇ ਜਿਹੜੀਆਂ ਲਾਸ਼ਾਂ ਟਰੈਕਟਰ ਟਰਾਲੀ ਉੱਤੇ ਲੱਦ ਕੇ ਪੋਸਟ ਮਾਰਟਮ ਲਈ ਲਿਆਂਦੀਆਂ ਗਈਆਂ, ਉਨ੍ਹਾਂ ਵਿੱਚ ਜਨਰਲ ਸੁਬੇਗ ਸਿੰਘ ਅਤੇ ਭਾਈ ਅਮਰੀਕ ਸਿੰਘ ਦੀਆਂ ਲਾਸ਼ਾਂ ਵੀ ਸ਼ਾਮਲ ਸਨ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਲਾਸ਼ ਇੱਕ ਵਿਸ਼ੇਸ਼ ਫੌਜੀ ਟਰੱਕ ਵਿੱਚ ਸਖਤ ਸੁਰੱਖਿਆ ਹੇਠ ਹਸਪਤਾਲ ਲਿਆਂਦੀ ਗਈ ਸੀ।



ਅਪਰੇਸ਼ਨ ਬਲਿਊ ਸਟਾਰ ਦੇ ਵਕਤ ਸਰਕਾਰੀ ਡਾਕਟਰ ਰਹੇ ਡਾਕਟਰ ਵਧਵਾ ਨੇ ਆਪਣੀਆਂ ਯਾਦਾਂ ਤੇ ਡਾਕਟਰੀ ਜੀਵਨ ਬਾਰੇ ਲਿਖੀ ਕਿਤਾਬ 'ਆਟੋਬਾਇਓਗ੍ਰਾਫੀ ਆਫ ਅਨਨੋਨ ਡਾਕਟਰ' ਕੱਲ੍ਹ ਰਿਲੀਜ਼ ਕੀਤੀ ਹੈ। ਕਿਤਾਬ ਦੇ ਟਾਈਟਲ ਵਾਲੇ ਪੰਨੇ ਉੱਤੇ ਅਪਰੇਸ਼ਨ ਬਲਿਊ ਸਟਾਰ ਵੇਲੇ ਕੀਤੇ ਗਏ ਪੋਸਟ ਮਾਰਟਮਾਂ ਦਾ ਉਚੇਚਾ ਜ਼ਿਕਰ ਕੀਤਾ ਗਿਆ ਹੈ। ਇਸ ਸੰਬੰਧ ਵਿੱਚ ਡਾਕਟਰ ਵਧਵਾ ਨੇ ਦੱਸਿਆ ਕਿ ਅਪਰੇਸ਼ਨ ਬਲਿਊ ਸਟਾਰ ਵੇਲੇ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲਿਆਂ ਦੇ ਡਾਕਟਰਾਂ ਨੂੰ ਪੋਸਟ ਮਾਰਟਮ ਕਰਨ ਲਈ ਅੰਮ੍ਰਿਤਸਰ ਲਿਆਂਦਾ ਗਿਆ ਸੀ। ਉਨ੍ਹਾਂ ਦੱਸਿਆ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਲਾਸ਼ ਉਨ੍ਹਾਂ ਨੇ ਨਹੀਂ ਦੇਖੀ। ਜਿਹੜੇ ਫੌਜੀ-ਟਰੱਕ ਵਿੱਚ ਸੰਤਾਂ ਦੀ ਦੇਹ ਲਿਆਂਦੀ ਗਈ, ਉਸ ਦੀ ਬਹੁਤ ਸਖਤ ਸੁਰੱਖਿਆ ਦੇਖ ਕੇ ਪਤਾ ਲੱਗ ਜਾਂਦਾ ਸੀ ਕਿ ਇਸ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਦੇਹ ਹੋਵੇਗੀ, ਜਿਸ ਨੂੰ ਵੱਖਰੇ ਕਮਰੇ ਵਿੱਚ ਰੱਖਿਆ ਗਿਆ ਸੀ। ਅਗਲੇ ਦਿਨ ਜਦੋਂ ਸੰਤ ਭਿੰਡਰਾਂਵਾਲੇ ਦੀ ਲਾਸ਼ ਦਾ ਪੋਸਟ ਮਾਰਟਮ ਹੋਣਾ ਸੀ ਤਾਂ ਕੋਈ ਵੀ ਡਾਕਟਰ ਇਸ ਕੰਮ ਨੂੰ ਤਿਆਰ ਨਹੀਂ ਸੀ। ਸਭ ਦੇ ਮਨ ਵਿੱਚ ਡਰ ਸੀ। ਅੰਮ੍ਰਿਤਸਰ ਦੇ ਡਾਕਟਰਾਂ ਨੇ ਵੀ ਭਿੰਡਰਾਂਵਾਲੇ ਦੀ ਲਾਸ਼ ਦਾ ਪੋਸਟ ਮਾਰਟਮ ਕਰਨ ਤੋਂ ਨਾਂਹ ਕਰ ਦਿੱਤੀ। ਫਿਰ ਇਹ ਮਾਮਲਾ ਸਿਹਤ ਵਿਭਾਗ ਦੇ ਡਾਇਰੈਕਟਰ ਡਾਕਟਰ ਐਮ ਐਸ ਕੰਗ ਨੇ ਹੱਲ ਕੀਤਾ ਤੇ ਉਨ੍ਹਾਂ ਅੰਮ੍ਰਿਤਸਰ ਦੇ ਡਾਕਟਰਾਂ ਨੂੰ ਇਸ ਬਾਰੇ ਬਾਕਾਇਦਾ ਹੁਕਮ ਜਾਰੀ ਕੀਤੇ। ਡਾਕਟਰ ਵਧਵਾ ਨੇ ਦੱਸਿਆ ਕਿ ਪੋਸਟ ਮਾਰਟਮ ਲਈ ਲਿਆਂਦੀਆਂ ਗਈਆਂ ਲਾਸ਼ਾਂ ਉੱਤੇ ਸਿਰਫ ਉਨ੍ਹਾਂ ਦੇ ਨੰਬਰ ਲਿਖੇ ਸਨ। ਉਨ੍ਹਾਂ ਕਿਹਾ ਇਕ ਡਾਕਟਰ ਰੋਜ਼ ਪੰਜ ਤੋਂ ਛੇ ਲਾਸ਼ਾਂ ਦਾ ਪੋਸਟ ਮਾਰਟਮ ਕਰ ਦਿੰਦਾ ਸੀ ਅਤੇ ਇਸ ਤਰ੍ਹਾਂ ਕਰੀਬ 500 ਲਾਸ਼ਾਂ ਦਾ ਪੋਸਟ ਮਾਰਟਮ ਹੋਇਆ ਸੀ। ਡਾਕਟਰਾਂ ਨੂੰ ਵਿਸ਼ੇਸ਼ ਹਦਾਇਤ ਸੀ ਕਿ ਪੋਸਟ ਮਾਰਟਮ ਵੇਲੇ ਸਿਰਫ ਗੋਲੀ ਦਾ ਜ਼ਖਮ ਦੇਖਣਾ ਅਤੇ ਇਹ ਨੋਟ ਕਰਨਾ ਹੈ ਕਿ ਗੋਲੀ ਕਿਧਰ ਲੱਗੀ ਤੇ ਕਿੱਥੋਂ ਬਾਹਰ ਨਿਕਲੀ ਹੈ। ਇਸ ਕਿਤਾਬ ਮੁਤਾਬਕ ਪੋਸਟ ਮਾਰਟਮ ਵਾਲਾ ਰਜਿਸਟਰ ਉਨ੍ਹਾਂ ਦੇ ਕੋਲ ਪਿਆ ਹੁੰਦਾ ਸੀ, ਪਰ ਉਹ ਪਹਿਲਾਂ ਨੋਟ ਬੁੱਕ ਉੱਤੇ ਸਾਰੀਆਂ ਗੱਲਾਂ ਨੋਟ ਕਰਦੇ ਸਨ। ਨਾ ਲਾਸ਼ਾਂ ਦਾ ਵਿਸਰਾ ਲਿਆ ਜਾਂਦਾ ਸੀ, ਨਾ ਛਾਤੀ ਖੋਲ੍ਹੀ ਜਾਂਦੀ ਸੀ, ਬੱਸ ਮੋਟਾ-ਮੋਟਾ ਪੋਸਟ ਮਾਰਟਮ ਕੀਤਾ ਜਾਂਦਾ ਸੀ। ਡਾਕਟਰ ਵਧਵਾ ਮੁਤਾਬਕ ਉਨ੍ਹਾਂ ਨੂੰ ਅੰਮ੍ਰਿਤਸਰ ਵਿੱਚ ਪੋਸਟ ਮਾਰਟਮ ਕਰਨ ਲਈ ਫੌਜ ਦੇ ਟਰੱਕ ਵਿੱਚ ਲਿਆਂਦਾ ਗਿਆ ਸੀ ਅਤੇ ਉਥੇ ਕਰਫਿਊ ਲੱਗਾ ਹੋਇਆ ਸੀ।

# ਝੂਠੇ ਸਰਟੀਫਿਕੇਟਾਂ ਨਾਲ ਤਿੰਨ ਸਿਵਲ ਸਰਜਨਾਂ ਦੀ ਤਰੱਕੀ ਹੋਣ ਦੀ ਜਾਂਚ ਸ਼ੁਰੂ

ਚੰਡੀਗੜ੍ਹ, 5 ਨਵੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਤਿੰਨ ਸਿਵਲ ਸਰਜਨ ਗਲਤ ਢੰਗ ਨਾਲ ਅਪੰਗਤਾ ਕੋਟੇ ਤਹਿਤ ਤਰੱਕੀਆਂ ਲੈਣ ਬਦਲੇ ਜਾਂਚ ਦੇ ਘੇਰੇ ਹੇਠ ਆ ਗਏ ਹਨ। ਇਨ੍ਹਾਂ ਵਿੱਚੋਂ ਦੋ ਡਾਕਟਰ ਦੇ ਨਾਂਅ ਇਸ ਤੋਂ ਪਹਿਲਾਂ ਆਪਣੇ ਕਰੀਅਰ ਦੌਰਾਨ ਕਦੇ ਵੀ ਅਪੰਗਤਾ ਸੂਚੀ ਵਿੱਚ ਨਹੀਂ ਸਨ, ਪਰ ਸੀਨੀਅਰ ਮੈਡੀਕਲ ਅਫਸਰ ਤੋਂ ਸਿਵਲ ਸਰਜਨ ਵਜੋਂ ਤਰੱਕੀ ਮੌਕੇ ਉਨ੍ਹਾਂ ਨੇ ਅਪੰਗਤਾ ਪ੍ਰਮਾਣ ਪੱਤਰ ਸਾਹਮਣੇ ਰੱਖ ਦਿੱਤੇ। ਪੰਜਾਬ ਸਰਕਾਰ ਨੇ ਡਾ. ਬਲਵੰਤ ਸਿੰਘ, ਡਾ. ਅਰੁਣ ਕੁਮਾਰ ਗੁਪਤਾ ਤੇ ਡਾ. ਪਰਵਿੰਦਰਪਾਲ ਸਿੰਘ ਦੀ ਅਪੰਗਤਾ ਦਾ ਜਾਇਜ਼ਾ ਲੈਣ ਲਈ ਕਿਹਾ ਹੈ ਜੋ ਕ੍ਰਮਵਾਰ ਕਪੂਰਥਲਾ, ਸੰਗਰੂਰ ਤੇ ਲੁਧਿਆਣਾ ਵਿੱਚ ਸਿਵਲ ਸਰਜਨ ਵਜੋਂ ਕੰਮ ਕਰ ਰਹੇ ਹਨ।

ਪਿਛਲੇ ਵੀਰਵਾਰ ਐਡੀਸ਼ਨਲ ਚੀਫ ਸਕੱਤਰ ਸਿਹਤ ਸਤੀਸ਼ ਚੰਦਰ ਨੇ ਹੁਕਮ ਜਾਰੀ ਕਰਕੇ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਨੂੰ ਇਨ੍ਹਾਂ ਤਿੰਨਾਂ ਡਾਕਟਰਾਂ ਦੀ ਅਪੰਗਤਾ ਦੀ ਘੋਖ ਕਰਨ ਲਈ ਤਿੰਨ ਮਾਹਰਾਂ ਦਾ ਗਰੁੱਪ ਕਾਇਮ ਕਰਨ ਲਈ ਕਿਹਾ ਅਤੇ 15 ਦਿਨਾਂ ਵਿੱਚ ਰਿਪੋਰਟ ਮੰਗੀ ਹੈ। ਦੋ ਸੀਨੀਅਰ ਡਾਕਟਰਾਂ ਲਵਲੀਨ ਗਰਗ ਤੇ ਡਾ. ਜਸਬੀਰ ਸਿੰਘ ਔਲਖ, ਜੋ ਖੁਦ ਅਪੰਗਤਾ ਦੀ ਸ਼੍ਰੇਣੀ ਵਿੱਚ ਹਨ, ਨੇ ਦੋਸ਼ ਲਾਇਆ ਕਿ ਡਾ. ਗੁਪਤਾ ਤੇ ਡਾ. ਪਰਵਿੰਦਰਪਾਲ ਦੇ ਨਾਂ ਤਰੱਕੀ ਤੋਂ ਐਨ ਪਹਿਲਾਂ ਅਪੰਗਤਾ ਸੂਚੀ ਵਿੱਚ ਸ਼ਾਮਲ ਕੀਤੇ ਗਏ ਸਨ, ਜਦ ਕਿ ਡਾ. ਬਲਵੰਤ ਸਿੰਘ ਦੀ ਅਪੰਗਤਾ ਦਰ ਅਸਲ ਨਾਲੋਂ ਵੱਧ ਦਿਖਾਈ ਗਈ ਹੈ। ਡਾ. ਪਰਵਿੰਦਰਪਾਲ ਸਿੰਘ ਦੇ 27 ਮਾਰਚ 2017 ਨੂੰ ਜਾਰੀ ਕੀਤੇ ਅਪੰਗਤਾ ਸਰਟੀਫਿਕੇਟ ਵਿੱਚ ਉਨ੍ਹਾਂ ਦੀ ਰੀੜ੍ਹ ਦੀ ਹੱਡੀ ਦੇ ਕੁੱਬ ਤੇ ਗਿੱਟੇ ਵਿੱਚ ਮੋਚ ਦਰਸਾਈ ਗਈ ਹੈ। ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਤਰ੍ਹਾਂ ਦੀ ਸਰਕਾਰੀ ਜਾਂਚ ਲਈ ਤਿਆਰ ਹਨ। ਇਸੇ ਤਰ੍ਹਾਂ ਡਾ. ਗੁਪਤਾ, ਜਿਨ੍ਹਾਂ ਦੇ 2015 ਦੇ ਅਪੰਗਤਾ ਸਰਟੀਫਿਕੇਟ ਵਿੱਚ ਗਿੱਟੇ ਦੇ ਫ੍ਰੈਕਚਰ ਤੇ ਪਿੱਠ ਵਿੱਚ ਦਰਦ ਕਰਕੇ ਕਈ ਤਰ੍ਹਾਂ ਦੀ ਅਪੰਗਤਾ ਦਰਸਾਈ ਗਈ, ਨੇ ਕਿਹਾ ਕਿ ਉਨ੍ਹਾਂ ਦਾ 1985 ਵਿੱਚ ਐਕਸੀਡੈਂਟ ਹੋਇਆ ਸੀ, ਜਿਸ ਪਿੱਛੋਂ ਉਨ੍ਹਾਂ ਨੂੰ ਚੱਲਣ ਫਿਰਨ ਤੇ ਰੋਜ਼ਾਨਾ ਦੇ ਕੰਮਕਾਜ ਕਰਨ ਵਿੱਚ ਕਠਿਨਾਈ ਹੁੰਦੀ ਹੈ।

# ਖੁਫੀਆ ਸੂਚਨਾਵਾਂ ਪਾਕਿ ਭੇਜਣ ਵਾਲਾ ਬੀ ਐਸ ਐਫ ਦਾ ਜਵਾਨ ਗ੍ਰਿਫਤਾਰ



ਫੜ੍ਹੇ ਗਏ ਬੀਐਸਐਫ ਜਵਾਨ ਨਾਲ ਪੁਲਸ ਅਫਸਰ।

ਫਿਰੋਜ਼ਪੁਰ, 5 ਨਵੰਬਰ (ਪੋਸਟ ਬਿਊਰੋ)- ਭਾਰਤ-ਪਾਕਿ ਸਰਹੱਦ ਉੱਤੇ ਲੱਗੀ ਹੋਈ ਤਾਰ ਅਤੇ ਸੜਕਾਂ ਦੀਆਂ ਤਸਵੀਰਾਂ ਵਰਗੀਆਂ ਖੁਫੀਆ ਸੂਚਨਾਵਾਂ ਪਾਕਿਸਤਾਨੀ ਏਜੰਟ ਦੇ ਨਾਲ ਸਾਂਝੀਆਂ ਕਰਨ ਨੂੰ ਲੈ ਕੇ ਬੀ ਐਸ ਐਫ ਦੇ ਇੱਕ ਜਵਾਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਬੀ ਐੱਸ ਐੱਫ ਦੀ ਖੁਫੀਆ ਬ੍ਰਾਂਚ ਪਿਛਲੇ ਕੁਝ ਮਹੀਨਿਆਂ ਤੋਂ ਸ਼ੇਖ ਰੈਜੁਦੀਨ ਨਾਂਅ ਦੇ ਜਵਾਨ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖ ਰਹੀ ਸੀ।

ਰੈਜੁਦੀਨ ਮਹਾਰਾਸ਼ਟਰ ਦੇ ਰੇਨਪੁਰਾ ਪਿੰਡ ਜ਼ਿਲ੍ਹਾ ਲਾਤੂਰ ਦਾ ਵਾਸੀ ਅਤੇ ਬੀ ਐੱਸ ਐੱਫ ਦੀ 29ਵੀਂ ਬਟਾਲੀਅਨ ਵਿੱਚ ਪੰਜਾਬ ਦੇ ਕਸਬਾ ਮਮਦੋਟ ਦਾ ਜਵਾਨ ਸੀ। ਬਟਾਲੀਅਨ ਦੇ ਡਿਪਟੀ ਕਮਾਂਡੈਂਟ ਰਾਜ ਕੁਮਾਰ ਨੇ ਥਾਣਾ ਮਮਦੋਟ ਵਿੱਚ ਕੇਸ ਦਰਜ ਕਰਾਇਆ ਹੈ। ਪੁਲਸ ਨੇ ਦੱਸਿਆ ਕਿ ਰੈਜੁਦੀਨ ਨੇ ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸ ਆਈ ਦੇ ਇੱਕ ਏਜੰਟ ਮਿਰਜ਼ਾ ਫੈਸਲ ਨਾਲ ਕੰਡਿਆਲੀ ਤਾਰ ਅਤੇ ਸਰਹੱਦੀ ਸੜਕਾਂ ਦੀਆਂ ਤਸਵੀਰਾਂ, ਬੀ ਐੱਸ ਐੱਫ ਦੇ ਉਚ ਅਧਿਕਾਰੀਆਂ ਦੇ ਫੋਨ ਨੰਬਰ ਤੇ ਕੁਝ ਹੋਰ ਖੁਫੀਆ ਸੂਚਨਾਵਾਂ ਸਾਂਝੀਆਂ ਕੀਤੀਆਂ ਸਨ। ਦੋਸ਼ੀ ਨੇ ਆਪਣੇ ਮੋਬਾਈਲ ਫੋਨ ਤੋਂ ਸੂਚਨਾਵਾਂ ਸਾਂਝੀਆਂ ਕੀਤੀਆਂ ਸਨ। ਥਾਣਾ ਮਮਦੋਟ ਦੇ ਇੰਸਪੈਕਟਰ ਰਣਜੀਤ ਸਿੰਘ ਨੇ ਦੱਸਿਆ ਕਿ ਦੋਸ਼ੀ ਦੇ ਖਿਲਾਫ ਸਰਕਾਰੀ ਖੁਫੀਆ ਕਾਨੂੰਨ ਅਤੇ ਰਾਸ਼ਟਰੀ ਸੁਰੱਖਿਆ ਕਾਨੂੰਨ ਨਾਲ ਸੰਬੰਧਤ ਧਾਰਾਵਾਂ ਦਾ ਮਾਮਲਾ ਦਰਜ ਕੀਤਾ ਗਿਆ ਹੈ। ਦੋਸ਼ੀ ਜਵਾਨ ਨੂੰ ਡਿਊਟੀ ਮੈਜਿਸਟਰੇਟ ਮਹੇਸ਼ ਕੁਮਾਰ ਸ਼ਰਮਾ ਦੀ ਕੋਰਟ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਸ ਨੂੰ ਪੰਜ ਦਿਨਾਂ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਗਿਆ।

# ਕੰਵਰ ਸੰਧੂ ਦਾ ਦਾਅਵਾ, ਆਪ ਪਾਰਟੀ ਦੇ ਬਹੁਤੇ ਵਿਧਾਇਕ ਸਾਡੇ ਨਾਲ

ਨਾਭਾ, 5 ਨਵੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਵੱਲੋਂ ਸਸਪੈਂਡ ਕੀਤੇ ਹੋਏ ਦੇ ਹਲਕਾ ਖਰੜ ਤੋਂ ਵਿਧਾਇਕ ਕੰਵਰ ਸੰਧੂ ਨੇ ਕੱਲ੍ਹ ਇਥੇ ਗੱਲਬਾਤ ਦੌਰਾਨ ਕਿਹਾ ਕਿ ਮੈਨੂੰ ਮੀਡੀਆ ਰਾਹੀਂ ਸਸਪੈਂਡ ਕੀਤੇ ਜਾਣ ਦੀ ਖਬਰ ਮਿਲਣ 'ਤੇ ਹੈਰਾਨੀ ਹੋਈ ਹੈ। ਉਨ੍ਹਾਂ ਕਿਹਾ ਕਿ ਮੈਂ ਸਥਾਨਕ ਪੀ ਪੀ ਐੱਸ ਦਾ ਸਾਬਕਾ ਵਿਦਿਆਰਥੀ ਹੋਣ ਕਾਰਨ ਪਿਛਲੇ ਦੋ ਦਿਨਾਂ ਤੋਂ ਇਥੇ ਆਇਆ ਅਤੇ ਸਕੂਲ ਜਸ਼ਨਾਂ ਵਿੱਚ ਹਿੱਸਾ ਲੈ ਰਿਹਾ ਸਾਂ। ਮੇਰੀ ਕੱਲ੍ਹ ਵਿਆਹ ਦੀ ਵਰ੍ਹੇਗੰਢ ਸੀ ਤੇ ਮੈਨੂੰ ਇਸ ਸਕੂਲ ਵੱਲੋਂ 'ਰੋਲ ਆਫ ਆਨਰ' ਦਿੱਤਾ ਗਿਆ, ਜੋ ਮੇਰੇ ਲਈ ਸਨਮਾਨ ਦੀ ਗੱਲ ਹੈ। ਗਲਤ ਸਮੇਂ ਉੱਤੇ ਬਗੈਰ ਮੇਰੇ ਨਾਲ ਗੱਲ ਕੀਤੇ ਜਾਂ ਮੇਰਾ ਪੱਖ ਸੁਣੇ ਤੋਂ ਪਾਰਟੀ ਨੇ ਮੰਦਭਾਗਾ ਫੈਸਲਾ ਲਿਆ ਹੈ।



ਕੰਵਰ ਸੰਧੂ ਨੇ ਕਿਹਾ ਕਿ ਮੈਂ ਜ਼ਿੰਦਗੀ ਦੇ 20-22 ਸਾਲ ਪੱਤਰਕਾਰੀ ਖੇਤਰ ਵਿੱਚ ਲਾਏ ਹਨ। ਇੱਕ ਪਾਸੇ ਅਸੀਂ ਏਕਤਾ ਦੀਆਂ ਗੱਲਾਂ ਕਰਦੇ ਹਾਂ ਤੇ ਦੂਜੇ ਪਾਸੇ ਇਕਪਾਸੜ ਫੈਸਲਾ ਲਿਆ ਹੈ। ਅਜੇ ਤਿੰਨ ਦਿਨ ਪਹਿਲਾਂ ਮੇਰੀ ਸਰਬਜੀਤ ਕੌਰ ਮਾਣੂੰਕੇ ਨਾਲ ਗੱਲ ਹੋਈ ਸੀ, ਪਰ ਸਮਝ ਤੋਂ ਬਾਹਰ ਹੈ ਕਿ ਅਚਾਨਕ ਇਹ ਫੈਸਲਾ ਕਿਉਂ ਲਿਆ ਗਿਆ। ਉਨ੍ਹਾਂ ਨੇ ਦਾਅਵਾ ਕੀਤਾ ਕਿ ਪਾਰਟੀ ਦੇ ਬਹੁ-ਗਿਣਤੀ ਵਿਧਾਇਕ ਸਾਡੇ ਨਾਲ ਹਨ, ਅਸੀਂ ਜਲਦੀ ਹੀ ਸਿਆਸੀ ਮਾਮਲਿਆਂ ਦੀ ਕਮੇਟੀ ਦੀ ਮੀਟਿੰਗ ਕਰ ਕੇ ਅਗਲੀ ਰਣਨੀਤੀ ਦਾ ਐਲਾਨ ਕਰਾਂਗੇ। ਉਨ੍ਹਾਂ ਬਰਗਾੜੀ ਮੋਰਚੇ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਦੁੱਖ ਪ੍ਰਗਟ ਕੀਤਾ ਕਿ ਅਜੇ ਤੱਕ ਕੈਪਟਨ ਸਰਕਾਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਗ੍ਰਿਫਤਾਰ ਨਹੀਂ ਕਰ ਸਕੀ। ਇਸ ਤੋਂ ਪਹਿਲਾਂ ਵਿਧਾਇਕ ਸੰਧੂ ਨੂੰ ਭਾਰਤੀ ਫੌਜ ਮੁਖੀ ਜਨਰਲ ਰਾਵਤ ਨੇ ਪੰਜਾਬ ਪਬਲਿਕ ਸਕੂਲ ਦਾ ਰੋਲ ਆਫ ਆਨਰ ਐਵਾਰਡ ਭੇਟ ਕੀਤਾ।

# ਬਾਬਾ ਬਕਾਲਾ ਦਾ ਕਾਂਗਰਸੀ ਵਿਧਾਇਕ ਭਲਾਈਪੁਰ ਫਿਰ ਖਬਰ ਦਾ ਸ਼ਿੰਗਾਰ ਬਣਿਆ

ਰਈਆ, 5 ਨਵੰਬਰ (ਪੋਸਟ ਬਿਊਰੋ)- ਬਾਬਾ ਬਕਾਲਾ ਤੋਂ ਕਾਂਗਰਸੀ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਇਸ ਵਾਰੀ ਆਪਣੀ ਫੇਸਬੁੱਕ 'ਤੇ ਪਾਈ ਇੱਕ ਪੋਸਟ ਕਰਕੇ ਖਬਰਾਂ ਦਾ ਸ਼ਿੰਗਾਰ ਬਣ ਗਿਆ ਹੈ। ਉਸ ਨੇ ਪੋਸਟ ਵਿੱਚ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੇ ਵਿਦੇਸ਼ ਦੌਰੇ ਦੌਰਾਨ ਜੇ ਉਨ੍ਹਾਂ ਨੂੰ ਕੋਈ ਮੁਸ਼ਕਲ ਆਉਂਦੀ ਹੈ ਤਾਂ ਉਨ੍ਹਾਂ ਦੇ ਵੱਡੇ ਲੜਕੇ ਸੰਦੀਪ ਸਿੰਘ ਨਾਲ ਟੈਲੀਫੋਨ ਉੱਤੇ ਸੰਪਰਕ ਕੀਤਾ ਜਾਵੇ। ਦਿਲਚਸਪ ਗੱਲ ਇਹ ਹੈ ਕਿ ਵਿਧਾਇਕ ਦਾ ਇਹ ਪੁੱਤ ਪੰਜਾਬ ਹੋਮ ਗਾਰਡਜ਼ ਵਿੱਚ ਸਬ ਇੰਸਪੈਕਟਰ ਹੈ।

ਇਸ ਤੋਂ ਪਹਿਲਾਂ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਏਥੇ ਵਿਧਾਨ ਪ੍ਰੀਸ਼ਦ ਚੋਣਾਂ ਦੌਰਾਨ ਇਕ ਵੀਡੀਓ ਕਾਰਨ ਕਾਫੀ ਚਰਚਾ ਵਿੱਚ ਰਹੇ ਸਨ। ਇਸ ਵਾਰੀ ਵਿਧਾਇਕ ਸੰਤੋਖ ਸਿੰਘ ਨੇ ਫੇਸਬੁੱਕ ਪੋਸਟ ਪਾ ਕੇ ਹਲਕਾ ਬਾਬਾ ਬਕਾਲਾ ਦੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਉਹ ਵੀਹ ਦਿਨ ਲਈ ਵਿਦੇਸ਼ ਦੌਰੇ 'ਤੇ ਹਨ, ਇਸ ਮੌਕੇ ਜੇ ਲੋਕਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਵੀ ਕੰਮ ਹੋਵੇ ਤਾਂ ਉਹ ਉਨ੍ਹਾਂ ਦੇ ਵੱਡੇ ਪੁੱਤਰ ਸੰਦੀਪ ਸਿੰਘ ਭਲਾਈਪੁਰ ਨਾਲ ਮੋਬਾਈਲ ਉੱਤੇ ਸੰਪਰਕ ਕਰ ਸਕਦੇ ਹਨ। ਵਿਧਾਇਕ ਦਾ ਵੱਡਾ ਪੁੱਤਰ ਸੰਦੀਪ ਸਿੰਘ ਪੰਜਾਬ ਹੋਮਗਾਰਡ ਦਾ ਸਬ ਇੰਸਪੈਕਟਰ ਹੈ। ਉਹ ਅੱਜ ਕੱਲ੍ਹ ਡੈਪੂਟੇਸ਼ਨ ਉੱਤੇ ਪੰਜਾਬ ਪੁਲਸ ਵਿੱਚ ਤਾਇਨਾਤ ਹੈ। ਸੋਸ਼ਲ ਮੀਡੀਆ ਉਤੇ ਪਾਈ ਪੋਸਟ ਨਾਲ ਲੋਕਾਂ ਵਿੱਚ ਸਵਾਲ ਉਠ ਰਹੇ ਰਹੇ ਹਨ ਕਿ ਇਕ ਸਰਕਾਰੀ ਮੁਲਾਜ਼ਮ ਸਿਆਸੀ ਸਰਗਰਮੀਆਂ ਵਿੱਚ ਕਿਵੇਂ ਭਾਗ ਲੈ ਸਕਦਾ ਹੈ। ਸੰਦੀਪ ਸਿੰਘ ਵੱਲੋਂ ਆਪਣੇ ਫੇਸਬੁੱਕ ਖਾਤੇ ਵਿੱਚ ਪਿੰਡਾਂ ਵਿੱਚ ਹੁੰਦੇ ਸਮਾਗਮਾਂ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਦੀਆਂ ਤਸਵੀਰਾਂ ਪੋਸਟ ਕੀਤੀਆਂ ਜਾ ਰਹੀਆਂ ਹਨ। ਐਸ ਐਸ ਪੀ ਅੰਮ੍ਰਿਤਸਰ ਦਿਹਾਤੀ ਪਰਮਪਾਲ ਸਿੰਘ ਦਾ ਕਹਿਣਾ ਹੈ ਕਿ ਕੋਈ ਵੀ ਸਰਕਾਰੀ ਕਰਮਚਾਰੀ ਸਿਆਸੀ ਸਰਗਰਮੀਆਂ ਵਿੱਚ ਸ਼ਾਮਲ ਨਹੀਂ ਹੋ ਸਕਦਾ।

# ਐਕਟਿਵਾ ਨਾਲ ਟਰੈਕਟਰ ਟਰਾਲੀ ਦੀ ਟੱਕਰ ਵਿੱਚ ਔਰਤ ਦੀ ਮੌਤ

ਭੋਗਪੁਰ, 5 ਨਵੰਬਰ (ਪੋਸਟ ਬਿਊਰੋ)- ਭੋਗਪੁਰ ਭੁਲੱਥ ਸੜਕ 'ਤੇ ਕੱਲ੍ਹ ਦੁਪਹਿਰ ਵਾਪਰੇ ਇੱਕ ਹਾਦਸੇ ਵਿੱਚ ਸਕੂਟਰੀ ਸਵਾਰ ਔਰਤ ਦੀ ਮੌਤ ਹੋਣ ਅਤੇ ਸਕੂਟਰੀ ਚਾਲਕ ਦੇ ਜ਼ਖਮੀ ਹੋਣ ਦੀ ਖਬਰ ਹੈ। ਮਿਲੀ ਜਾਣਕਾਰੀ ਅਨੁਸਾਰ ਹਰਜੀਤ ਸਿੰਘ ਆਪਣੀ ਪਤਨੀ ਹਰਵਿੰਦਰ ਕੌਰ ਨਾਲ ਐਕਟਿਵਾ 'ਤੇ ਨੇੜਲੇ ਪਿੰਡ ਸਗਰਾਂਵਾਲੀ ਦੇ ਇਤਿਹਾਸਕ ਗੁਰਦੁਆਰਾ ਬਾਬੇ ਸ਼ਹੀਦਾਂ ਵਿੱਚ ਮੱਥਾ ਟੇਕਣ ਜਾ ਰਹੇ ਸਨ। ਜਦੋਂ ਉਹ ਪਿੰਡ ਟਾਂਡੀ ਨੇੜੇ ਪੁੱਜੇ ਤਾਂ ਉਨ੍ਹਾਂ ਦੀ ਐਕਟਿਵਾ ਝੋਨਾ ਲੈ ਕੇ ਮੰਡੀ ਜਾ ਰਹੇ ਟਰੈਕਟਰ-ਟਰਾਲੀ ਨਾਲ ਟਕਰਾ ਗਈ। ਟੱਕਰ ਲੱਗਣ ਕਾਰਨ ਦੋਵੇਂ ਸੜਕ 'ਤੇ ਡਿੱਗ ਗਈ। ਟਰੈਕਟਰ ਟਰਾਲੀ ਤੇਜ਼ ਰਫਤਾਰ ਹੋਣ ਕਾਰਨ ਟਰਾਲੀ ਦਾ ਟਾਇਰ ਹਰਵਿੰਦਰ ਕੌਰ ਦੇ ਉਤੋਂ ਲੰਘ ਗਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਹਰਜੀਤ ਸਿੰਘ ਨੂੰ ਸੱਟਾਂ ਲੱਗੀਆਂ। ਹਾਦਸੇ ਦੀ ਸੂਚਨਾ ਮਿਲਦੇ ਸਾਰ ਥਾਣਾ ਭੋਗਪੁਰ ਤੋਂ ਡਿਊਟੀ ਅਫਸਰ ਮੌਕੇ 'ਤੇ ਪੁੱਜੇ। ਪੁਲਸ ਨੇ ਟਰੈਕਟਰ-ਟਰਾਲੀ ਚਾਲਕ ਕਰਨੈਲ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਤਲਵੰਡੀ ਭੇਲਾ ਥਾਣਾ ਕਰਤਾਰਪੁਰ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਖਾਲਿਸਤਾਨ ਗਦਰ ਫੋਰਸ ਦੇ ਪੈਂਫਲਿਟ ਛਾਪਣ ਵਾਲੇ ਦੋ ਪ੍ਰਿੰਟਿੰਗ ਪ੍ਰੈਸ ਮਾਲਕ ਗ੍ਰਿਫਤਾਰ

ਪਟਿਆਲਾ, 5 ਨਵੰਬਰ (ਪੋਸਟ ਬਿਊਰੋ)- ਪਿਛਲੇ ਦਿਨੀਂ ਜ਼ਾਹਰ ਹੋਈ ਨਵੀਂ ਖਾਲਿਸਤਾਨ ਗਦਰ ਫੋਰਸ ਦੇ ਸ਼ਬਨਮਦੀਪ ਸਿੰਘ ਨੂੰ ਪਟਿਆਲਾ ਪੁਲਸ ਵੱਲੋਂ ਪਿਛਲੇ ਦਿਨੀਂ ਗ੍ਰਿਫਤਾਰ ਕਰਕੇ ਪੁੱਛਗਿੱਛ ਕੀਤੀ ਗਈ ਤਾਂ ਇਸ ਦੌਰਾਨ ਕੀਤੇ ਖੁਲਾਸੇ ਦੇ ਆਧਾਰ 'ਤੇ ਖਾਲਿਸਤਾਨ ਗਦਰ ਫੋਰਸ, ਖਾਲਿਸਤਾਨ ਲਿਬਰੇਸ਼ਨ ਫੋਰਸ ਅਤੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਲੈਟਰ ਪੈਡ ਛਾਪਣ ਵਾਲੇ ਪ੍ਰਿੰਟਿੰਗ ਪ੍ਰੈਸ ਮਾਲਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਜ਼ਿਲਾ ਪੁਲਸ ਮੁਖੀ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਪ੍ਰਿੰਟਿੰਗ ਪ੍ਰੈਸ ਮਾਲਕਾਂ ਦੀ ਪਛਾਣ ਰਮੇਸ਼ ਕੁਮਾਰ ਤੇ ਖਾਲਿਸਤਾਨ ਗਦਰ ਫੋਰਸ ਦੇ ਲੋਗੋ ਤਿਆਰ ਕਰਨ ਵਾਲੇ ਵਿਨੋਦ ਕੁਮਾਰ ਪੁੱਤਰ ਸੇਵਾ ਸਿੰਘ ਵਾਸੀ ਅੰਬਾ ਕਾਲੋਨੀ, ਚੀਕਾ ਵਜੋਂ ਹੋਈ ਹੈ। ਪੁਲਸ ਨੇ ਗ੍ਰਿਫਤਾਰ ਕੀਤੇ ਦੋਵੇਂ ਪ੍ਰਿੰਟਿੰਗ ਪ੍ਰੈਸ ਮਾਲਕਾਂ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

Avro Transport Inc.
Owner Operator/Single Drives
& Team Drivers ਦੀ ਲੋੜ ਹੈ
Toronto to Montreal, Midwest & USA
Brand New Truck's Available
For Owner Operator:- $1.55
*Plates + Insurance + Tolls will be paid by Company
For Drivers:- $0.58 + $0.02
*Safety Bonus
For Team Drivers:- $0.70
ਜਿਆਦਾ ਜਾਣਕਾਰੀ ਲਈ
ਸੰਪਰਕ ਕਰੋ:-
Ph: 416-896-1313

www.AREA REALTOR.com
Multi Award Winner Realtor
CENTURY 21 PRESIDENT



KAMAL SANDHU
Sales Representative
647.891.0143
905.488.2100 ext. 407



# ਸੋਨੀਪਤ ਵਿੱਚ ਭਿਆਨਕ ਸੜਕ ਹਾਦਸੇ ਕਾਰਨ 12 ਜਣੇ ਮਰੇ

ਸੋਨੀਪਤ, 5 ਨਵੰਬਰ (ਪੋਸਟ ਬਿਊਰੋ)- ਕੱਲ੍ਹ ਸ਼ਾਮ ਸੋਨੀਪਤ ਦੇ ਗੋਹਾਨਾ-ਸੋਨੀਪਤ ਨੈਸ਼ਨਲ ਹਾਈਵੇ ਦੇ ਪਿੰਡ ਮੁੰਡਲਾਨਾ ਨੇੜੇ ਭਿਆਨਕ ਸੜਕ ਹਾਦਸੇ ਵਿੱਚ 12 ਲੋਕਾਂ ਦੀ ਮੌਤ ਹੋ ਗਈ, ਸੱਤ ਜ਼ਖਮੀ ਹਨ। ਮ੍ਰਿਤਕਾਂ ਵਿੱਚ ਜ਼ਿਆਦਾਤਰ ਲੋਕ ਉੱਤਰ ਪ੍ਰਦੇਸ਼ ਦੇ ਸ਼ਾਮਲੀ ਜ਼ਿਲ੍ਹੇ ਦੇ ਕੈਰਾਨਾ ਦੇ ਹਨ।



ਹਾਦਸੇ ਵਿਚ ਨੁਕਸਾਨੀ ਗਈ ਕਾਰ।

ਕੈਰਾਨਾ ਦੇ ਵਾਸੀ ਆਸਿਫ ਨੇ ਦੱਸਿਆ ਕਿ ਉਸ ਦਾ ਭਰਾ ਫਰਮਾਨ (ਮ੍ਰਿਤਕ) ਅਤੇ ਖੇਤਰ ਦੇ ਆਸਪਾਸ ਦੇ ਕਈ ਨੌਜਵਾਨ ਹਰਿਆਣਾ ਦੇ ਭਿਵਾਨੀ ਸ਼ਹਿਰ ਵਿੱਚ ਕੱਪੜੇ ਦਾ ਕਾਰੋਬਾਰ ਕਰਦੇ ਹਨ। ਇਥੇ ਕੈਰਾਨਾ ਦਾ ਨੌਸ਼ਾਦ ਵੀ ਕਾਰੋਬਾਰ ਕਰਦਾ ਸੀ, ਜਿਸ ਦੀ ਬਿਮਾਰੀ ਕਾਰਨ ਦੋ ਦਿਨ ਪਹਿਲਾਂ ਮੌਤ ਹੋ ਗਈ ਸੀ। ਫਰਮਾਨ ਤੇ ਬਾਕੀ ਸਾਥੀ ਭਿਵਾਨੀ ਤੋਂ ਨੌਸ਼ਾਦ ਦੀ ਮੌਤ 'ਤੇ ਅਫਸੋਸ ਕਰਨ ਕੈਰਾਨਾ ਆਏ ਸਨ। ਕੱਲ੍ਹ ਕੈਰਾਨਾ ਤੋਂ 17 ਜਣੇ ਕਰੂਜ਼ਰ (ਜੀਪ) ਵਿੱਚ ਸਵਾਰ ਹੋ ਕੇ ਭਿਵਾਨੀ ਵਾਪਸ ਜਾ ਰਹੇ ਸਨ। ਜਦ ਉਹ ਗੋਹਾਨਾ-ਪਾਣੀਪਤ ਨੇੜੇ ਪਿੰਡ ਮੁੰ-ਡਲਾਨਾ ਦੇ ਕੋਲ ਪਹੁੰਚੇ ਤਾਂ ਗੋਹਾਨਾ ਤੋਂ ਪਾਣੀਪਤ ਨੂੰ ਜਾ ਰਿਹਾ ਇੱਕ ਟਰਾਲਾ ਡਿਵਾਈਡਰ ਤੋੜਦਾ ਹੋਇਆ ਪਹਿਲਾਂ ਸਵਿਫਟ ਡਿਜ਼ਾਇਰ ਕਾਰ ਦੇ ਪਿਛਲੇ ਹਿੱਸੇ ਨਾਲ ਟਕਰਾਇਆ ਤੇ ਉਸ ਦੇ ਬਾਅਦ ਸਿੱਧੇ ਕਰੂਜ਼ਰ ਵਿੱਚ ਜਾ ਵੱਜਾ। ਕਰੂਜ਼ਰ ਟਰਾਲੇ ਦੇ ਅਗਲੇ ਹਿੱਸੇ ਵਿੱਚ ਫਸ ਗਈ ਤੇ ਟਰਾਲਾ ਉਸ ਨੂੰ ਕਈ ਮੀਟਰ ਘਸੀਟਦਾ ਲੈ ਗਿਆ। ਉਸ ਦਾ ਅਗਲਾ ਹਿੱਸਾ ਜੀਪ ਦੇ ਉਪਰੋਂ ਲੰਘ ਗਿਆ। ਕਰੂਜ਼ਰ ਵਿੱਚ ਮੂਹਰੇ ਦੋ ਸੀਟਾਂ 'ਤੇ ਸਵਾਰ 11 ਜਣਿਆਂ ਅਤੇ ਸਵਿਫਟ ਕਾਰ ਵਿੱਚ ਸਵਾਰ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਉੱਤਰ ਪ੍ਰਦੇਸ਼ ਦੇ ਕੈਰਾਨਾ ਦੇ ਪਿੰਡ ਛੁਦਿਆਣਾ ਦੇ ਫਰਮਾਨ, ਛਪਰੌਲੀ ਦੇ ਕਾਸਿਮ, ਸ਼ਾਹਪੁਰ ਦੇ ਤਹਿਸੀਸ ਅਤੇ ਸ਼ਾਦਾਬ, ਸੁਨਹਟੀ ਵਾਸੀ ਸਰਵੇਨ, ਸ਼ਾਮਲੀ ਵਾਸੀ ਸੁਹੇਲ, ਸ਼ਾਹਪੁਰ ਵਾਸੀ ਜ਼ੈਦ ਉਰਫ ਕਾਲਾ, ਪੰਗੀਰ ਵਾਸੀ ਸਬਨੂਰ, ਗੁਵਾਨਾ ਵਾਸੀ ਮੁਬਾਰਕ, ਕੈਰਾਨਾ ਵਾਸੀ ਫਾਰੂਖ, ਛਪਰੌਲੀ (ਬਾਗਪਤ) ਵਾਸੀ ਦਾਨਿਸ਼ ਅਤੇ ਰੋਹਤਕ ਦਾ ਰਾਮਕਰਣ ਸ਼ਾਮਲ ਸਨ।

# ਮਹਿਲਾ ਸਿਪਾਹੀ ਦੀ ਮੌਤ ਉਤੇ ਹੰਗਾਮਾ ਕਰ ਰਹੇ 175 ਕਾਂਸਟੇਬਲ ਬਰਖ਼ਾਸਤ

ਪਟਨਾ, 5 ਨਵੰਬਰ (ਪੋਸਟ ਬਿਊਰੋ)- ਬਿਹਾਰ ਪੁਲਸ ਵਿੱਚ ਅਨੁਸ਼ਾਸਨਹੀਣਤਾ ਦੇ ਦੋਸ਼ ਵਿਚ 175 ਪੁਲਿਸ ਕਾਂਸਟੇਬਲਾਂ ਦੀਆਂ ਸੇਵਾਵਾਂ ਖਤਮ ਕਰ ਦਿਤੀਆਂ ਗਈਆਂ ਹਨ। ਇਨ੍ਹਾਂ ਬਰਖਾਸਤ ਕੀਤੇ ਗਏ ਸਿਪਾਹੀਆਂ ਵਿਚੋਂ 167 ਜਣੇ ਤਾਂ ਹਾਲੇ ਸਿਖਲਾਈ ਲੈ ਰਹੇ ਸਨ। ਬਰਖ਼ਾਸਤ ਹੋਣ ਵਾਲਿਆਂ ਵਿਚੋਂ ਜਿਆਦਾਤਰ ਔਰਤਾਂ ਹਨ।



ਮਿਲੀ ਜਾਣਕਾਰੀ ਦੇ ਅਨੁਸਾਰ ਬਿਹਾਰ ਦੀ ਰਾਜਧਾਨੀ ਪਟਨਾ ਵਿਚ ਇਕ ਮਹਿਲਾ ਸਿਪਾਹੀ ਦੀ ਮੌਤ ਪਿੱਛੋਂ ਇਨ੍ਹਾਂ ਵਿਚੋਂ ਕਈ ਲੋਕਾਂ ਨੇ ਅਧਿਕਾਰੀਆਂ ਉੱਤੇ ਤਸ਼ੱਦਦ ਦਾ ਦੋਸ਼ ਲਾਇਆ ਸੀ ਅਤੇ ਪੁਲਿਸ ਲਾਈਨ ਵਿਖੇ ਹੰਗਾਮਾ ਕੀਤਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਪੀੜਤ ਮਹਿਲਾ ਸਿਪਾਹੀ ਦਾ ਇਲਾਜ ਸਹੀ ਤਰੀਕੇ ਨਾਲ ਨਹੀਂ ਕਰਾਇਆ ਗਿਆ। ਹਾਦਸੇ ਦੌਰਾਨ ਗੁੱਸੇ ਵਿਚ ਆਏ ਪੁਲਿਸ ਵਾਲਿਆਂ ਨੇ ਨੇੜਲੀਆਂ ਦੁਕਾਨਾਂ ਨੂੰ ਬੰਦ ਕਰਾਇਆ ਤੇ ਆਮ ਲੋਕਾਂ ਨਾਲ ਕੁੱਟ ਮਾਰ ਵੀ ਕੀਤੀ। ਇਸ ਮਾਮਲੇ ਵਿਚ ਕਾਰਵਾਈ ਕਰਦੇ ਹੋਏ 175 ਲੋਕਾਂ ਨੂੰ ਬਰਖ਼ਾਸਤ ਕੀਤਾ ਗਿਆ ਹੈ।

ਪਟਨਾ ਜ਼ੋਨ ਦੇ ਆਈ ਜੀ ਨਈਅਰ ਹਸਨੈਨ ਖਾਨ ਦੀ ਜਾਂਚ ਦੇ ਆਧਾਰ ਉੱਤੇ ਇਹ ਕਾਰਵਾਈ ਹੋਈ ਹੈ। ਖਾਨ ਨੇ 48 ਘੰਟੇ ਅੰਦਰ ਇਸ ਕੇਸ ਵਿਚ ਅਪਣੀ ਜਾਂਚ ਰਿਪੋਰਟ ਦੇ ਦਿੱਤੀ। ਉਨ੍ਹਾਂ ਕਿਹਾ ਕਿ ਬਰਖ਼ਾਸਤ ਕੀਤੇ ਲੋਕਾਂ ਦੀ ਗਿਣਤੀ ਦਾ ਅੱਧ ਔਰਤਾਂ ਹਨ। ਇਨ੍ਹਾਂ ਵਿਚੋਂ ਇਕ ਹੈਡ ਕਾਂਸਟੇਬਲ ਹੈ ਅਤੇ ਦੋ ਹੋਰ ਅਜਿਹੇ ਹਨ ਜਿਨ੍ਹਾਂ ਨੂੰ ਸਿਖਲਾਈ ਕਰਨ ਵਾਲੇ ਸਿਪਾਹੀਆਂ ਦੇ ਲਈ ਕੰਮ ਕਰਨ ਦੀ ਜਿਮੇਂਵਾਰੀ ਦਿਤੀ ਗਈ ਸੀ। ਆਈ ਜੀ ਨੇ ਕਿਹਾ ਕਿ ਉਨ੍ਹਾਂ ਨੇ ਪੁਲਿਸ ਹਸਪਤਾਲ ਦੇ ਮੈਡੀਕਲ ਅਫਸਰ ਉੱਤੇ ਵੀ ਕਾਰਵਾਈ ਕਰਨ ਦੇ ਹੁਕਮ ਦਿਤੇ ਹਨ। ਦੋਸ਼ ਲੱਗਦਾ ਹੈ ਕਿ ਮੈਡੀਕਲ ਅਧਿਕਾਰੀ ਵੱਲੋਂ ਸਹੀ ਤਰੀਕੇ ਨਾਲ ਇਲਾਜ ਨਾ ਕਰਨ ਨਾਲ ਮਹਿਲਾ ਸਿਪਹੀ ਦੀ ਮੌਤ ਹੋਈ ਹੈ। ਆਈ ਜੀ ਨੇ ਕਿਹਾ ਕਿ ਜੇ ਸਹੀ ਤਰੀਕੇ ਨਾਲ ਇਲਾਜ ਕੀਤਾ ਜਾਂਦਾ ਤਾਂ ਮਹਿਲਾ ਦੀ ਜਾਨ ਬਚ ਸਕਦੀ ਸੀ। ਕੁਝ ਪੁਲਿਸ ਵਾਲਿਆਂ ਨੂੰ ਕੰਮ ਵਿਚ ਲਾਪਰਵਾਹੀ ਵਰਤਣ ਦੇ ਦੋਸ਼ ਵਿਚ ਸਸਪੈਂਡ ਕੀਤਾ ਗਿਆ ਤੇ 93 ਲੋਕਾਂ ਦਾ ਪਟਨਾ ਜ਼ੋਨ ਤੋਂ ਬਾਹਰ ਬਦਲੀ ਕਰ ਦਿਤੀ ਗਈ ਹੈ।

## ਸਾਬਕਾ ਆਈ ਪੀ ਐੱਸ ਅਫਸਰ ਸੰਜੀਵ ਭੱਟ ਵਿਰੁੱਧ ਚਾਰਜਸ਼ੀਟ ਦਾਖਲ

ਪਾਲਨਪੁਰ, 5 ਨਵੰਬਰ (ਪੋਸਟ ਬਿਊਰੋ)- ਗੁਜਰਾਤ ਸੀ ਆਈ ਡੀ ਨੇ ਸਾਬਕਾ ਆਈ ਪੀ ਐੱਸ ਅਧਿਕਾਰੀ ਸੰਜੀਵ ਭੱਟ ਤੇ ਤਿੰਨ ਹੋਰਾਂ ਦੋਸ਼ੀਆਂ ਦੇ ਖਿਲਾਫ 22 ਸਾਲ ਪੁਰਾਣੇ ਇੱਕ ਕੇਸ ਵਿੱਚ ਚਾਰਜਸ਼ੀਟ ਦਾਖਲ ਕੀਤੀ ਹੈ। ਇਨ੍ਹਾਂ 'ਤੇ ਡਰੱਗਸ ਪਲਾਂਟ ਕਰ ਕੇ ਇੱਕ ਵਿਅਕਤੀ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ ਵਿੱਚ ਫਸਾਉਣ ਦਾ ਦੋਸ਼ ਹੈ।

ਪਿਛਲੇ ਸ਼ੁੱਕਰਵਾਰ ਐਡੀਸ਼ਨਲ ਸੈਸ਼ਨ ਜੱਜ ਪੀ ਐੱਸ ਬ੍ਰਹਮਭੱਟ ਦੀ ਅਦਾਲਤ ਵਿੱਚ ਇਹ ਚਾਰਜਸ਼ੀਟ ਦਾਇਰ ਕੀਤੀ ਗਈ। ਸੰਜੀਵ ਭੱਟ ਅਜੇ ਜੇਲ੍ਹ ਵਿੱਚ ਹੈ। ਗੁਜਰਾਤ ਦੀ ਭਾਜਪਾ ਸਰਕਾਰ ਨਾਲ ਉਨ੍ਹਾਂ ਦੇ ਰਿਸ਼ਤੇ ਕਾਫੀ ਤਣਾਅ ਵਾਲੇ ਸਨ। ਇਸੇ ਕਾਰਨ ਉਨ੍ਹਾਂ ਦੀ ਨੌਕਰੀ ਵੀ ਗਈ ਸੀ। ਚਾਰਜਸ਼ੀਟ ਵਿੱਚ ਭੱਟ 'ਤੇ ਆਪਣੇ ਸਹਿਯੋਗੀ ਪੁਲਸ ਮੁਲਾਜ਼ਮਾਂ ਨਾਲ ਮਿਲ ਕੇ ਅਪਰਾਧਕ ਸਾਜ਼ਿਸ਼ ਰਚਣ ਦਾ ਦੋਸ਼ ਸੀ। ਮਾਮਲਾ 1996 ਦਾ ਹੈ, ਜਦ ਭੱਟ ਬਨਾਸਕਾਂਠਾ ਵਿੱਚ ਐੱਸ ਪੀ ਸਨ। ਉਸੇ ਦੌਰਾਨ ਇੰਸਪੈਕਟਰ ਆਈ ਬੀ ਵਿਆਸ ਅਤੇ ਹੈੱਡ ਕਾਂਸਟੇਬਲ ਮਾਲਾਭਾਈ ਦੇਸਾਈ ਦੇ ਨਾਲ ਮਿਲ ਕੇ ਸਾਜ਼ਿਸ਼ ਰਚੀ ਗਈ ਸੀ, ਜਿਸ ਬਾਰੇ ਬਾਅਦ ਵਿੱਚ ਕੇਸ ਬਣਿਆ ਸੀ।

## ਮਾੜੇ ਵਤੀਰੇ ਦੇ ਕਾਰਨ ਪਾਕਿ ਖਿਡਾਰੀਆਂ ਉੱਤੇ ਸਖਤ ਕਾਰਵਾਈ ਹੋਵੇਗੀ: ਸਰਦਾਰ



ਨਵੀਂ ਦਿੱਲੀ, 5 ਨਵੰਬਰ (ਪੋਸਟ ਬਿਊਰੋ)- ਚਾਰ ਸਾਲ ਪਹਿਲਾਂ ਭੁਵਨੇਸ਼ਵਰ ਵਿੱਚ ਚੈਂਪੀਅਨਸ ਟਰਾਫੀ ਦੇ ਤਜਰਬੇ ਤੋਂ ਸਬਕ ਲੈ ਕੇ ਪਾਕਿਸਤਾਨੀ ਹਾਕੀ ਟੀਮ ਦੇ ਮੁੱਖ ਕੋਚ ਹਸਨ ਸਰਦਾਰ ਨੇ ਇਸ ਮਹੀਨੇ ਦੇ ਆਖਰ ਵਿੱਚ ਹੋ ਰਹੇ ਵਿਸ਼ਵ ਕੱਪ ਵਿੱਚ ਖਿਡਾਰੀਆਂ ਨੂੰ ਖੇਡ ਨਾਲ ਆਪਣੇ ਵਤੀਰੇ 'ਤੇ ਵੀ ਫੋਕਸ ਕਰਨ ਦੀ ਤਾਕੀਦ ਕੀਤੀ ਹੈ। ਇਸ ਦੇ ਨਾਲ ਉਸ ਨੇ ਵਿਸ਼ਵ ਕੱਪ ਵਿੱਚ ਭਾਰਤ ਨੂੰ ਸੈਮੀਫਾਈਨਲ ਦਾ ਮੁੱਖ ਦਾਅਵੇਦਾਰ ਦੱਸ ਕੇ ਕਿਹਾ ਕਿ ਮੇਜ਼ਬਾਨ ਟੀਮ ਪਿਛਲੇ ਕੁਝ ਸਾਲਾਂ ਤੋਂ ਚੰਗੀ ਫਾਰਮ ਵਿੱਚ ਹੈ ਤੇ ਘਰੇਲੂ ਮੈਦਾਨ 'ਤੇ ਖੇਡਣ ਦਾ ਉਸ ਨੂੰ ਫਾਇਦਾ ਮਿਲੇਗਾ।

ਭੁਵਨੇਸ਼ਵਰ ਵਿੱਚ ਚੈਂਪੀਅਨਸ ਟਰਾਫੀ 2014 ਤੋਂ ਬਾਅਦ ਪਾਕਿਸਤਾਨੀ ਹਾਕੀ ਟੀਮ ਪਹਿਲੀ ਵਾਰ ਭਾਰਤ ਵਿੱਚ ਐਫ ਆਈ ਐਚ ਦਾ ਕੋਈ ਟੂਰਨਾਮੈਂਟ ਖੇਡੇਗੀ। ਚਾਰ ਸਾਲ ਪਹਿਲਾਂ ਚੈਂਪੀਅਨਸ ਟਰਾਫੀ ਸੈਮੀਫਾਈਨਲ ਵਿੱਚ ਭਾਰਤ ਨੂੰ ਹਰਾਉਣ ਪਿੱਛੋਂ ਪਾਕਿ-ਸਤਾਨ ਦੇ ਕੁਝ ਖਿਡਾਰੀਆਂ ਨੇ ਕਮੀਜ਼ ਉਤਾਰ ਕੇ ਦਰਸ਼ਕਾਂ ਵੱਲ ਅਸ਼ਲੀਲ ਇਸ਼ਾਰੇ ਕੀਤੇ ਸਨ, ਜਿਸ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਦੇ ਹਾਕੀ ਫੈਡਰੇਸ਼ਨਾਂ ਵਿਚਾਲੇ ਕੁੜੱਤਣ ਆ ਗਈ ਸੀ। ਓਲੰਪਿਕ (1984) ਅਤੇ ਏਸ਼ੀਆਈ ਖੇਡਾਂ (1982) ਦੇ ਸੋਨ ਤਮਗਾ ਜੇਤੂ ਸਰਦਾਰ ਨੇ ਕਰਾਚੀ ਤੋਂ ਦਿੱਤੇ ਇੰਟਰਵਿਊ ਵਿੱਚ ਕਿਹਾ, ਇਸ ਵਾਰ ਖੇਡ ਦੇ ਨਾਲ ਟੀਮ ਦੇ ਵਤੀਰੇ 'ਤੇ ਮੇਰਾ ਪੂਰਾ ਫੋਕਸ ਹੋਵੇਗਾ। ਮੈਂ ਖਿਡਾਰੀਆਂ ਨੂੰ ਸਖਤ ਤਾਕੀਦ ਕੀਤੀ ਹੈ ਕਿ ਇਸ ਵਾਰ ਅਜਿਹੀ ਕੋਈ ਘਟਨਾ ਹੋਣ 'ਤੇ ਉਨ੍ਹਾਂ ਵਿਰੁੱਧ ਸਕਤ ਕਾਰਵਾਈ ਕੀਤੀ ਜਾਵੇਗੀ।

# ਰਾਜ ਬੱਬਰ ਨੇ ਨਕਸਲੀਆਂ ਨੂੰ ਕ੍ਰਾਂਤੀ ਲਈ ਨਿਕਲੇ ਕਿਹਾ

ਰਾਏਪੁਰ, 5 ਨਵੰਬਰ (ਪੋਸਟ ਬਿਊਰੋ)- ਛੱਤੀਸਗੜ੍ਹ ਵਿਧਾਨ ਸਭਾ ਚੋਣਾਂ ਵਿੱਚ ਬੀਤੇ ਦਿਨੀਂ ਹੋਏ ਨਕਸਲੀ ਹਮਲੇ ਬਾਰੇ ਸਿਆਸਤ ਸ਼ੁਰੂ ਹੋ ਗਈ ਹੈ। ਇਸ ਹਮਲੇ ਵਿੱਚ ਇੱਕ ਮੀਡੀਆ ਕਰਮਚਾਰੀ ਦੀ ਮੌਤ ਹੋ ਗਈ ਸੀ।



ਕੱਲ੍ਹ ਇਥੇ ਚੋਣ ਪ੍ਰਚਾਰ ਲਈ ਆਏ ਯੂ ਪੀ ਕਾਂਗਰਸ ਦੇ ਪ੍ਰਧਾਨ ਰਾਜ ਬੱਬਰ ਨੇ ਕਿਹਾ ਕਿ ਉਹ (ਨਕਸਲੀ) ਲੋਕ ਕ੍ਰਾਂਤੀ ਲਈ ਨਿਕਲੇ ਹਨ, ਉਨ੍ਹਾਂ ਨੂੰ ਰੋਕ ਨਹੀਂ ਸਕਦੇ। ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਵਿੱਚ ਰਾਜ ਬੱਬਰ ਨੇ ਕੱਲ੍ਹ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਜੋ ਘਾਟੇ 'ਚ ਹੁੰਦੇ ਹਨ ਅਤੇ ਜਿਨ੍ਹਾਂ ਲੋਕਾਂ ਨੂੰ ਉਨ੍ਹਾਂ ਦਾ ਹੱਕ ਨਹੀਂ ਮਿਲਦਾ, ਜਿਨ੍ਹਾਂ ਦਾ ਅਧਿਕਾਰ ਖੋਹ ਲਿਅ ਜਾਂਦਾ ਹੈ, ਕੁਝ ਉਪਰ ਵਾਲੇ ਲੋਕ ਉਨ੍ਹਾਂ ਦਾ ਅਧਿਕਾਰ ਖੋਂਹਦੇ ਹਨ, ਉਹ ਆਪਣੇ ਪ੍ਰਾਣਾਂ ਦੀ ਬਲੀ ਦਿੰਦੇ ਹਨ। ਰਾਜ ਬੱਬਰ ਨੇ ਕਿਹਾ ਕਿ ਉਹ ਗਲਤ ਕਰਦੇ ਹਨ, ਕਿਉਂਕਿ ਨਾ ਉਨ੍ਹਾਂ ਦੀ ਬੰਦੂਕ ਨਾਲ ਕੋਈ ਹੱਲ ਨਿਕਲੇਗਾ, ਨਾ ਇਧਰੋਂ ਚੱਲੀ ਬੰਦੂਕ ਨਾਲ ਕੋਈ ਹੱਲ ਨਿਕਲੇਗਾ। ਹੱਲ ਨਿਕਲੇਗਾ ਤਾਂ ਗੱਲਬਾਤ ਨਾਲ ਨਿਕਲੇਗਾ। ਬੰਦੂਕਾਂ ਨਾਲ ਫੈਸਲੇ ਨਹੀਂ ਹੁੰਦੇ। ਉਨ੍ਹਾਂ ਦੇ ਸਵਾਲਾਂ ਨੂੰ ਸਹੀ ਢੰਗ ਨਾਲ ਸਮਝਣ ਨਾਲ ਹੱਲ ਨਿਕਲੇਗਾ। ਡਰਾ ਕੇ, ਚਮਚਾਗਿਰੀ ਕਰ ਕੇ, ਬਹਿਕਾ ਕੇ ਜਾਂ ਲਾਲਚ ਦੇ ਕੇ ਕ੍ਰਾਂਤੀ ਲਈ ਨਿਕਲੇ ਲੋਕਾਂ ਨੂੰ ਨਹੀਂ ਰੋਕਿਆ ਜਾ ਸਕਦਾ। ਨਕਸਲ ਅੰਦੋਲਨ ਹੱਕਾਂ ਨੂੰ ਲੈ ਕੇ ਸ਼ੁਰੂ ਹੋਇਆ ਹੈ। ਸਾਨੂੰ ਇਨ੍ਹਾਂ ਨੂੰ ਨਾਲ ਲੈ ਕੇ ਬੈਠਣਾ ਪਵੇਗਾ।

ਇਸ ਦੌਰਾਨ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਕੱਲ੍ਹ ਕਿਹਾ ਕਿ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨਕਸਲਵਾਦ ਬਾਰੇ ਆਪਣਾ ਰੁਖ਼ ਸਾਫ ਕਰਨ। ਅਮਿਤ ਸ਼ਾਹ ਨੇ ਨਕਸਲ ਪ੍ਰਭਾਵਤ ਰਾਜਨਾਂਦਗਾਂਵ ਜ਼ਿਲ੍ਹੇ ਦੇ ਖੁਜੀ ਵਿਧਾਨ ਸਭਾ ਹਲਕੇ ਤਹਿਤ ਅੰਬਾਗੜ੍ਹ ਚੌਕੀ ਵਿੱਚ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕਾਂਗਰਸ ਦਾ ਇੱਕ ਨੇਤਾ ਕੱਲ੍ਹ ਆਇਆ ਅਤੇ ਬਿਆਨ ਦਿੱਤਾ ਕਿ ਨਕਸਲਵਾਦ ਕ੍ਰਾਂਤੀ ਹੈ। ਕਾਂਗਰਸ ਪ੍ਰਧਾਨ ਨਕਸਲਵਾਦ ਦੇ ਮੁੱਦੇ 'ਤੇ ਰੁਖ਼ ਸਪੱਸ਼ਟ ਕਰਨ। ਤੁਹਾਡੀ ਪਾਰਟੀ ਦੇ ਨੇਤਾ ਨਕਸਲਵਾਦ ਨੂੰ ਕ੍ਰਾਂਤੀ ਕਹਿੰਦੇ ਹਨ, ਤੁਸੀਂ ਕੀ ਮੰਨਦੇ ਹੋ। ਅਮਿਤ ਸ਼ਾਹ ਨੇ ਕਿਹਾ ਕਿ ਕ੍ਰਾਂਤੀ ਨਕਸਲਵਾਦ ਨਾਲ ਨਹੀਂ ਆਉਂਦੀ, ਕਿਸੇ ਦਾ ਖ਼ੂਨ ਵਹਾ ਕੇ ਨਹੀਂ ਆਉਂਦੀ, ਬੰਬ, ਬੰਦੂਕ ਅਤੇ ਗੋਲੀਆਂ ਨਾਲ ਨਹੀਂ ਆਉਂਦੀ।

# ਆਸਾਮ ’ਚ ਭੀੜ ਨੇ ਦੋ ਜਣਿਆਂ ਨੂੰ ਅੱਤਵਾਦੀ ਸਮਝ ਕੇ ਕੁੱਟ-ਕੁੱਟ ਮਾਰ ਦਿੱਤਾ

ਸਿਲਚਰ, 5 ਨਵੰਬਰ (ਪੋਸਟ ਬਿਊਰੋ)- ਆਸਾਮ ਦੇ ਕਾਚਰ ਜ਼ਿਲੇ ਵਿੱਚ ਦੋ ਅਣਪਛਾਤੇ ਵਿਅਕਤੀਆਂ ਨੂੰ ਹਥਿਆਰ ਤੇ ਅਸਲ੍ਹੇ ਸਮੇਤ ਵੇਖੇ ਜਾਣ ਪਿੱਛੋਂ ਲੋਕਾਂ ਦੀ ਭੀੜ ਨੇ ਉਨ੍ਹਾਂ ਨੂੰ ਕੁੱਟ-ਕੁੱਟ ਕੇ ਗੰਭੀਰ ਜ਼ਖਮੀ ਕਰ ਦਿੱਤਾ, ਜਿਸ ਪਿੱਛੋਂ ਉਹ ਜ਼ਖਮਾਂ ਦੀ ਤਾਬ ਨਾ ਝੱਲਦੇ ਹੋਏ ਹਸਪਤਾਲ ਵਿਚ ਜਾ ਕੇ ਦਮ ਤੋੜ ਗਏ। ਇਸ ਬਾਰੇ ਪੁਲਸ ਅਧਿਕਾਰੀ ਨੇ ਦੱਸਿਆ ਕਿ ਦੋਵਾਂ ਵਿਅਕਤੀਆਂ, ਜਿਨ੍ਹਾਂ ਨੂੰ ਸ਼ੱਕੀ ਅੱਤਵਾਦੀ ਮੰਨਿਆ ਜਾ ਰਿਹਾ ਸੀ, ਨੂੰ ਪੁਲਸ ਨੇ ਲੋਕਾਂ ਤੋਂ ਬਚਾਇਆ ਅਤੇ ਦੋਵਾਂ ਨੂੰ ਜ਼ਿਲੇ ਦੀ ਲਖੀਮਪੁਰ ਸਬ ਡਵੀਜ਼ਨ ਦੇ ਹਰੀਨਗਰ ਬੱਸ ਅੱਡੇ ਤੋਂ ਹਿਰਾਸਤ 'ਚ ਲਿਆ ਤੇ ਗੰਭੀਰ ਹਾਲਤ 'ਚ ਸਿਲਚਰ ਦੇ ਮੈਡੀਕਲ ਕਾਲਜ ਹਸਪਤਾਲ ਭਰਤੀ ਕਰਵਾਇਆ, ਜਿਥੇ ਉਨ੍ਹਾਂ ਦੀ ਮੌਤ ਹੋ ਗਈ। ਅਧਿਕਾਰੀ ਨੇ ਦੱਸਿਆ ਕਿ ਦੋਵੇਂ ਵਿਅਕਤੀਆਂ ਦੀ ਪਛਾਣ ਨਾ ਹੋਣ ਕਾਰਨ ਉਨ੍ਹਾਂ ਦੇ ਪਰਵਾਰ ਬਾਰੇ ਪਤਾ ਨਹੀਂ ਲੱਗ ਸਕਿਆ। ਭੀੜ ਨੇ ਉਨ੍ਹਾਂ ਨੂੰ ਬੱਸ ਸਟੈਂਡ 'ਤੇ ਬੁਰੀ ਤਰ੍ਹਾਂ ਕੁੱਟਿਆ ਸੀ।

## ਡਾਲਰ ਮੁਕਾਬਲੇ ਅਗਲੇ ਤਿੰਨ ਮਹੀਨਿਆਂ ਵਿੱਚ ਰੁਪਿਆ 76 ਦਾ ਹੋ ਸਕਦੈ



ਮੁੰਬਈ, 5 ਨਵੰਬਰ (ਪੋਸਟ ਬਿਊਰੋ)- ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦਾ ਮੁੱਲ ਉੱਚਾ ਬਣੇ ਰਹਿਣ ਨਾਲ ਰੁਪਏ 'ਤੇ ਦਬਾਅ ਬਣਿਆ ਰਹਿ ਸਕਦਾ ਹੈ ਅਤੇ ਇਹ ਅਗਲੇ ਤਿੰਨ ਮਹੀਨਿਆਂ 'ਚ ਅਮਰੀਕੀ ਡਾਲਰ ਦੇ ਮੁਕਾਬਲੇ 76 ਦੇ ਪੱਧਰ 'ਤੇ ਪਹੁੰਚ ਸਕਦਾ ਹੈ। ਡਾਲਰ ਦੇ ਲਗਾਤਾਰ ਮਜ਼ਬੂਤ ਹੋਣ ਅਤੇ ਵਿਦੇਸ਼ੀ ਪੂੰਜੀ ਪ੍ਰਵਾਹ ਦੀ ਕਮੀ ਅਤੇ ਕੱਚੇ ਤੇਲ ਦੇ ਉਚ ਮੁੱਲ ਦੇ ਕਾਰਨ ਘਰੇਲੂ ਕਰੰਸੀ 74 ਰੁਪਏ ਪ੍ਰਤੀ ਡਾਲਰ ਦੇ ਪੱਧਰ ਨੂੰ ਪਾਰ ਕਰ ਗਈ ਸੀ। ਚਾਲੂ ਸਾਲ ਵਿੱਚ ਰੁਪਿਆ 15 ਫੀਸਦੀ ਤੋਂ ਜ਼ਿਆਦਾ ਟੁੱਟ ਚੁੱਕਾ ਹੈ।

ਸਵਿੱਟਜ਼ਰਲੈਂਡ ਦੀ ਬ੍ਰੋਕਰੇਜ ਕੰਪਨੀ ਯੂ ਬੀ ਐੱਸ ਨੇ ਹਫਤੇ ਦੀ ਅੰਤਿਮ ਰਿਪੋਰਟ ਵਿੱਚ ਕਿਹਾ, ਇਹ ਮੰਨ ਲਿਆ ਜਾਵੇ ਕਿ ਕੌਮਾਂਤਰੀ ਪੱਧਰ 'ਤੇ ਕੱਚੇ ਤੇਲ ਦਾ ਮੁੱਲ ਉਚਾ ਬਣਿਆ ਰਹੇ ਅਤੇ ਇਹ ਅੱਸੀ ਡਾਲਰ ਬੈਰਲ ਤੋਂ ਉਤੇ ਰਹੇ ਤਾਂ ਸਾਡਾ ਅੰਦਾਜ਼ਾ ਹੈ ਕਿ ਰੁਪਿਆ ਆਉਂਦੇ ਤਿੰਨ ਮਹੀਨਿਆਂ ਵਿੱਚ ਟੁੱਟ ਕੇ 76 ਦੇ ਪੱਧਰ ਉਤੇ ਜਾ ਸਕਦਾ ਹੈ। ਇਸ ਸਾਲ ਅਪ੍ਰੈਲ ਤੋਂ ਲੈ ਕੇ ਅਗਸਤ ਦੇ ਪਹਿਲੇ ਹਫਤੇ ਤੱਕ ਆਰ ਬੀ ਆਈ ਉਤਾਰ-ਚੜ੍ਹਾਅ ਨੂੰ ਰੋਕਣ ਲਈ ਬਾਜ਼ਾਰ 'ਚ ਦਖਲ ਦੇਂਦਾ ਰਿਹਾ ਹੈ। ਇਸ ਕਾਰਨ ਵਿਦੇਸ਼ੀ ਕਰੰਸੀ ਭੰਡਾਰ ਵਿੱਚ ਜ਼ਿਕਰਯੋਗ ਕਮੀ ਆਈ ਤੇ ਇਹ ਪਿਛਲੇ ਹਫਤੇ 25 ਅਰਬ ਡਾਲਰ ਘਟ ਕੇ 393 ਅਰਬ ਡਾਲਰ 'ਤੇ ਪਹੁੰਚ ਗਿਆ। ਇਸ ਨਾਲ ਆਰ ਬੀ ਆਈ ਨੇ ਦੋ ਵਾਰ ਰੇਪੋ ਦਰ 'ਚ ਕੁੱਲ ਮਿਲਾ ਕੇ 0.50 ਫੀਸਦੀ ਦਾ ਵਾਧਾ ਕੀਤਾ ਹੈ। ਰਿਪੋਰਟ ਮੁਤਾਬਕ ਅਕਤੂਬਰ ਵਿੱਚ ਪ੍ਰਮੁੱਖ ਨੀਤੀਗਤ ਦਰ ਨੂੰ ਸਥਿਰ ਰੱਖਦਿਆਂ ਆਰ ਬੀ ਆਈ ਨੇ ਸੰਕੇਤ ਦਿੱਤਾ ਹੈ ਕਿ ਉਹ ਰੁਪਏ ਨੂੰ ਸੰਭਾਲਣ ਲਈ ਵਿਆਜ ਦਰ ਦੀ ਵਰਤੋਂ ਨਹੀਂ ਕਰੇਗਾ। ਯੂ ਬੀ ਐੱਸ ਵਿਸ਼ਲੇਸ਼ਕ ਗੌਤਮ ਛਾਓਛਰਿਆ ਨੇ ਕਿਹਾ, ਸਾਲ 2013 ਦੇ ਉਲਟ ਡਾਲਰ ਦੇ ਮੁਕਾਬਲੇ ਰੁਪਿਆ ਚਾਲੂ ਸਾਲ 'ਚ 15 ਫੀਸਦੀ ਤੱਕ ਟੁੱਟਿਆ ਹੈ, ਪਰ ਇਸ ਦੇ ਬਾਵਜੂਦ ਬਹੁਤ ਜ਼ਿਆਦਾ ਉਤਾਰ-ਚੜ੍ਹਾਅ ਵਾਲੀ ਕਰੰਸੀ ਸਮੂਹ ਤੋਂ ਬਾਹਰ ਹੈ ਅਤੇ ਦੇਸ਼ ਦਾ ਕਰੰਸੀ ਭੰਡਾਰ ਅਜੇ ਵੀ ਤਰਕਸੰਗਤ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਬਾਹਰੀ ਮੋਰਚੇ 'ਤੇ ਜ਼ਰੂਰ ਕੁਝ ਦਬਾਅ ਹੈ, ਪਰ ਘਬਰਾਉਣ ਵਰਗੀ ਕੋਈ ਗੱਲ ਨਹੀਂ ਹੈ।









## ਸਾਊਦੀ ਅਰਬ ਵਿੱਚ ਅਰਬਪਤੀ ਪ੍ਰਿੰਸ ਵਲੀਦ ਦਾ ਭਰਾ ਛੱਡ ਦਿੱਤਾ ਗਿਆ


ਪ੍ਰਿੰਸ ਖਾਲਿਦ

ਰਿਆਧ, 5 ਨਵੰਬਰ (ਪੋਸਟ ਬਿਊਰੋ)- ਸਾਊਦੀ ਅਰਬ ਦੀ ਸਰਕਾਰ ਨੇ ਅਰਬਪਤੀ ਪ੍ਰਿੰਸ ਅਲ ਵਲੀਦ ਬਿਨ ਤਲਾਲ ਦੇ ਭਰਾ ਪ੍ਰਿੰਸ ਖਾਲਿਦ ਨੂੰ ਇਕ ਸਾਲ ਹਿਰਾਸਤ 'ਚ ਰੱਖਣ ਪਿੱਛੋਂ ਛੱਡ ਦਿੱਤਾ ਹੈ। ਪੱਤਰਕਾਰ ਜਮਾਲ ਖਸ਼ੋਗੀ ਦੀ ਹੱਤਿਆ ਦੇ ਮਾਮਲੇ ਵਿੱਚ ਅੰਤਰਰਾਸ਼ਟਰੀ ਦਬਾਅ ਦਾ ਸਾਹਮਣਾ ਕਰ ਰਹੀ ਸਾਊਦੀ ਸਰਕਾਰ ਨੇ ਖਾਲਿਦ ਨੂੰ ਅਚਾਨਕ ਰਿਹਾਅ ਕਰਨ ਦਾ ਕੋਈ ਕਾਰਨ ਨਹੀਂ ਦੱਸਿਆ ਹੈ।

ਵਰਨਣ ਯੋਗ ਹੈ ਕਿ ਪਿਛਲੇ ਸਾਲ ਨਵੰਬਰ ਵਿੱਚ ਸਾਊਦੀ ਅਰਬ ਦੇ ਵਾਰੇਨ ਬਫੇਟ ਕਹੇ ਜਾਣ ਵਾਲੇ ਪ੍ਰਿੰਸ ਅਲ ਵਲੀਦ ਸਮੇਤ ਦੇਸ਼ ਦੇ ਦਰਜਨਾਂ ਪ੍ਰਿੰਸ ਨੂੰ ਰਾਜਧਾਨੀ ਰਿਆਧ ਦੇ ਆਲੀਸ਼ਾਨ ਰਿਟਜ਼ ਕਾਰਲਟਨ ਹੋਟਲ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਸੀ। ਸਾਊਦੀ ਅਰਬ ਸਰਕਾਰ ਨੇ ਇਸ ਨੂੰ ਭ੍ਰਿਸ਼ਟਾਚਾਰ ਖਿਲਾਫ ਵੱਡੀ ਕਾਰਵਾਈ ਕਰਾਰ ਦਿੱਤਾ ਸੀ, ਪ੍ਰੰਤੂ ਆਲੋਚਕਾਂ ਦਾ ਕਹਿਣਾ ਹੈ ਕਿ ਇਹ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦਾ ਆਪਣੇ ਵਿਰੋਧੀਆਂ ਨੂੰ ਬੰਨੇ ਲਾਉਣ ਅਤੇ ਸੱਤਾ ਉਤੇ ਆਪਣੀ ਪਕੜ ਮਜ਼ਬੂਤ ਕਰਨ ਦਾ ਯਤਨ ਸੀ। ਪ੍ਰਿੰਸ ਖਾਲਿਦ ਨੇ ਸਰਕਾਰ ਦੇ ਇਸ ਕਦਮ ਦੀ ਆਲੋਚਨਾ ਕੀਤੀ ਸੀ, ਜਿਸ ਪਿੱਛੋਂ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਸਰਕਾਰ ਨਾਲ ਗੁਪਤ ਵਿੱਤੀ ਸਮਝੌਤੇ ਪਿੱਛੋਂ ਪ੍ਰਿੰਸ ਅਲ ਵਲੀਦ ਨੂੰ ਇਸ ਸਾਲ ਜਨਵਰੀ ਵਿੱਚ ਰਿਹਾਅ ਕਰ ਦਿੱਤਾ ਗਿਆ ਸੀ। ਸਾਊਦੀ ਅਰਬ ਨੇ ਸ਼ਾਹੀ ਪਰਵਾਰ ਦੇ ਮੈਂਬਰਾਂ ਨਾਲ ਸਬੰਧ ਮਜ਼ਬੂਤ ਕਰਨ ਦੀ ਯੋਜਨਾ ਬਣਾਈ ਹੈ ਅਤੇ ਸੰਭਾਵਨਾ ਹੈ ਕਿ ਰਿਆਧ ਦੇ ਸਾਬਕਾ ਗਵਰਨਰ ਪ੍ਰਿੰਸ ਤੁਰਕੀ ਬਿਨ ਅਬਦੁੱਲਾ ਸਮੇਤ ਨਜ਼ਰਬੰਦ ਹੋਰ ਸ਼ਾਹੀ ਮੈਂਬਰਾਂ ਨੂੰ ਵੀ ਜਲਦੀ ਛੱਡ ਦਿੱਤਾ

## ਦੁਬਈ ਤੋਂ ਹੀਰਾ ਚੋਰੀ ਕਰ ਕੇ ਭੱਜਿਆ ਚੀਨੀ ਜੋੜਾ ਮੁੰਬਈ ਵਿੱਚ ਗ੍ਰਿਫ਼ਤਾਰ



ਦੁਬਈ, 5 ਨਵੰਬਰ (ਪੋਸਟ ਬਿਊਰੋ)- ਇਕ ਚੀਨੀ ਜੋੜੇ ਨੇ ਦੁਬਈ ਦੀ ਇਕ ਦੁਕਾਨ ਤੋਂ 300,000 ਦਿਰਹਮ (ਲਗਭੱਗ 81,000 ਡਾਲਰ) ਕੀਮਤ ਦਾ ਹੀਰਾ ਚੋਰੀ ਕਰ ਲਿਆ ਅਤੇ ਫਿਰ ਯੂ ਏ ਈ ਤੋਂ ਭੱਜ ਨਿਕਲਿਆ। ਇਸ ਜੋੜੇ ਨੂੰ 20 ਘੰਟਿਆਂ ਵਿੱਚ ਮੁੰਬਈ ਹਵਾਈ ਅੱਡੇ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ।

ਇਕ ਰਿਪੋਰਟ ਮੁਤਾਬਕ ਇਕ ਅਧਿਕਾਰੀ ਨੇ ਕਿਹਾ ਕਿ ਯੂ ਏ ਈ ਤੋਂ ਤਸਕਰੀ ਕੀਤੇ ਜਾਣ ਪਿੱਛੋਂ 3.27 ਕੈਰਟ ਦਾ ਹੀਰਾ ਭਾਰਤ ਵਿਚ ਇਸ ਚੀਨੀ ਮਹਿਲਾ ਦੇ ਢਿੱਡ ਵਿੱਚੋਂ ਮਿ-ਲਿਆ। ਇਸ ਅਧਿਕਾਰੀ ਨੇ ਦੱਸਿਆ ਕਿ ਉਮਰ ਦੇ ਚੌਥੇ ਦਹਾਕੇ ਵਿਚ ਚੱਲਦੇ ਚੀਨੀ ਜੋੜੇ ਨੇ ਦੁਬਈ ਦੇ ਦੀਰਾ ਸ਼ਹਿਰ ਵਿੱਚ ਇਕ ਗਹਿਣੇ ਦੀ ਦੁਕਾਨ ਤੋਂ ਹੀਰਾ ਚੋਰੀ ਕਰ ਲਿਆ ਅਤੇ ਝੱਟਪੱਟ ਉਸ ਦੇਸ਼ ਤੋਂ ਫਰਾਰ ਹੋ ਗਏ। ਮਿਲੀਆਂ ਖਬਰਾਂ ਮੁਤਾਬਕ ਮੁੰਬਈ ਤੋਂ ਹਾਂਗ ਕਾਂਗ ਜਾਣ ਦੀ ਕੋਸ਼ਿਸ਼ ਕਰਦੇ ਸਮੇਂ ਦੋਵੇਂ ਫੜੇ ਗਏ। ਇਸ ਜੋੜੇ ਨੂੰ ਇੰਟਰਪੋਲ ਤੇ ਭਾਰਤੀ ਪੁਲਿਸ ਦੇ ਸਹਿਯੋਗ ਨਾਲ ਵਾਪਸ ਯੂ ਏ ਈ ਲਿਆਂਦਾ ਗਿਆ। ਪੁਲਿਸ ਨੇ ਸਟੋਰ ਵਿਚ ਲੱਗੇ ਸੀ ਸੀ ਟੀ ਵੀ ਦੀ ਫੁਟੇਜ ਜਾਰੀ ਕੀਤੀ, ਜਿਸ ਵਿਚ ਜੋੜਾ ਗਹਿਣੇ ਦੀ ਦੁਕਾਨ ਵਿਚ ਦਾਖਲ ਹੁੰਦਾ ਦਿੱਸਦਾ ਹੈ। ਫੁਟੇਜ ਵਿਚ ਦਿੱਸਦਾ ਹੈ ਕਿ ਵਿਅਕਤੀ ਉਸ ਦੁਕਾਨ ਦੇ ਸਟਾਫ ਤੋਂ ਰਤਨਾਂ ਬਾਰੇ ਪੁੱਛਗਿਛ ਕਰਨ ਨਾਲ ਉਨ੍ਹਾਂ ਦਾ ਧਿਆਨ ਹਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਮਹਿਲਾ ਸਫੈਦ ਰੰਗ ਦਾ ਹੀਰਾ ਚੁਰਾ ਰਹੀ ਹੈ। ਉਸ ਨੇ ਹੀਰਾ ਚੁਰਾ ਕੇ ਜੈਕੇਟ ਵਿਚ ਰੱਖ ਲਿਆ ਅਤੇ ਆਦਮੀ ਦੇ ਨਾਲ ਦੁਕਾਨ ਤੋਂ ਨਿਕਲ ਗਈ। ਅਪਰਾਧ ਜਾਂਚ ਵਿਭਾਗ ਦੇ ਨਿਰਦੇਸ਼ਕ ਕਰਨਲ ਅਦੇਲ ਅਲ ਜੋਕਰ ਨੇ ਕਿਹਾ ਕਿ ਜੋੜੇ ਨੇ ਹੀਰਾ ਚੁਰਾਉਣ ਦੀ ਗੱਲ ਮੰਨ ਲਈ ਹੈ। ਰਿਪੋਰਟ ਦੇ ਮੁਤਾਬਕ ਐਕਸ ਰੇ ਸਕੈਨ ਵਿਚ ਮਹਿਲਾ ਦੇ ਢਿੱਡ ਵਿਚ ਹੀਰਾ ਦਿੱਸਣ ਪਿੱਛੋਂ ਹੀਰਾ ਬਰਾਮਦ ਕਰਨ ਲਈ ਡਾਕਟਰ ਨੂੰ ਬੁਲਾਇਆ ਗਿਆ।

## ਖਸ਼ੋਗੀ ਦੇ ਪੁੱਤਰ ਨੇ ਸਾਊਦੀ ਅਰਬ ਤੋਂ ਪਿਤਾ ਦੀ ਲਾਸ਼ ਮੰਗੀ



ਵਾਸ਼ਿੰਗਟਨ, 5 ਨਵੰਬਰ (ਪੋਸਟ ਬਿਊਰੋ)- ਸਊਦੀ ਅਰਬ ਦੇ ਤੁਰਕੀ ਵਾਲੇ ਕੌਂਸਲੇਟ ਵਿੱਚ ਮਾਰ ਦਿੱਤੇ ਗਏ ਪੱਤਰਕਾਰ ਜਮਾਲ ਖਸ਼ੋਗੀ ਦੇ ਪੁੱਤਰਾਂ ਨੇ ਸਊਦੀ ਅਰਬ ਦੇ ਅਧਿਕਾਰੀਆਂ ਤੋਂ ਅਪਣੇ ਪਿਤਾ ਦੀ ਲਾਸ਼ ਦੀ ਮੰਗ ਕੀਤੀ ਹੈ ਤਾਂ ਜੋ ਉਨ੍ਹਾਂ ਦਾ ਪਰਵਾਰ ਯੋਗ ਤਰੀਕੇ ਨਾਲ ਉਨ੍ਹਾਂ ਦੀ ਮੌਤ ਦਾ ਸੋਗ ਮਨਾ ਸਕੇ।

ਤੁਰਕੀ ਵਿਚ ਦੋ ਅਕਤੂਬਰ ਨੂੰ ਸਊਦੀ ਅਰਬ ਦੀ ਇਕ ਟੀਮ ਨੇ ਦੇਸ਼ ਦੇ ਵਪਾਰ ਕੌਂਸਲੇਟ ਦੇ ਅੰਦਰ ਖਸ਼ੋਗੀ ਦੀ ਹੱਤਿਆ ਕਰ ਦਿਤੀ ਸੀ। ਤੁਰਕੀ ਦੇ ਰਾਸ਼ਟਰਪਤੀ ਨੇ ਕਿਹਾ ਕਿ ਇਸ ਹੱਤਿਆ ਦਾ ਆਦੇਸ਼ ਸਊਦੀ ਅਰਬ ਸਰਕਾਰ ਦੇ 'ਉੱਚ ਪੱਧਰ' ਅਫਸਰਾਂ ਨੇ ਦਿਤਾ ਸੀ। ਖਸ਼ੋਗੀ ਦੇ ਪੁੱਤਰ ਅਬਦੁੱਲਾ ਖਸ਼ੋਗੀ ਨੇ ਵਾਸ਼ਿੰਗਟਨ ਦੇ ਅਮਰੀਕੀ ਟੈਲੀਵਿਜਨ ਨੈੱਟਵਰਕ ਨੂੰ ਦੱਸਿਆ ਕਿ 'ਮੈਨੂੰ ਉਮੀਦ ਹੈ ਕਿ ਜੋ ਕੁਝ ਵੀ ਹੋਇਆ, ਉਹ ਉਨ੍ਹਾਂ ਲਈ ਦੁਖਦਾਈ ਨਹੀਂ ਰਿਹਾ ਹੋਣਾ ਜਾਂ ਇਹ ਜਲਦਬਾਜੀ ਵਿਚ ਹੋਇਆ ਹੋਵੇਗਾ ਜਾਂ ਉਨ੍ਹਾਂ ਨੂੰ ਸ਼ਾਂਤੀਪੂਰਨ ਮੌਤ ਮਿਲੀ ਹੋਵੇਗੀ' ਉਨ੍ਹਾਂ ਦੇ ਭਰਾ ਸਾਲੇਹ ਨੇ ਕਿਹਾ ਕਿ 'ਇਸ ਸਮੇਂ ਅਸੀਂ ਸਿਰਫ ਇਹ ਚਾਹੁੰਦੇ ਹਾਂ ਕਿ ਅਸੀ ਉਨ੍ਹਾਂ ਦੇ ਪੂਰੇ ਪਰਵਾਰ ਨਾਲ ਮਦੀਨੇ ਦੇ ਅਲ ਬਾਕੀ ਵਿਚ ਉਨ੍ਹਾਂ ਨੂੰ ਹਵਾਲੇ-ਏ-ਮਿੱਟੀ ਕਰ ਸਕੀਏ।' ਉਨ੍ਹਾਂ ਨੇ ਕਿਹਾ, 'ਮੈਂ ਇਸ ਬਾਰੇ ਸਊਦੀ ਅਰਬ ਦੇ ਅਧਿਕਾਰੀਆਂ ਨਾਲ ਗੱਲ ਕੀਤੀ ਹੈ ਅਤੇ ਮੈਨੂੰ ਆਸ ਹੈ ਕਿ ਇਹ ਛੇਤੀ ਹੋ ਜਾਵੇਗਾ।' ਤੁਰਕੀ ਦੇ ਮੁੱਖ ਵਕੀਲ ਨੇ ਹਾਲ ਵਿਚ ਕਿਹਾ ਸੀ ਕਿ ਖਸ਼ੋਗੀ ਜਦੋਂ ਹੀ ਵਪਾਰ ਕੌਂਸਲੇਟ ਦੇ ਅੰਦਰ ਪੁੱਜੇ, ਉਨ੍ਹਾਂ ਦਾ ਗਲ ਘੁੱਟ ਦਿਤਾ ਗਿਆ। ਉਨ੍ਹਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਦੀ ਲਾਸ਼ ਦੇ ਟੁਕੜੇ ਕੀਤੇ ਗਏ ਸਨ। ਤੁਰਕੀ ਦੇ ਰਾਸ਼ਟਰਪਤੀ ਰਜ਼ਬ ਤਇਬ ਐਰਦੋਆਨ ਦੇ ਸਲਾਹਕਾਰ ਯਾਸਿਨ ਆਕਤੇ ਨੇ ਸ਼ੁੱਕਰਵਾਰ ਇੱਕ ਲੇਖ ਵਿਚ ਸ਼ੱਕ ਕੀਤਾ ਕਿ ਹੋ ਸਕਦਾ ਹੈ ਕਿ ਉਨ੍ਹਾਂ ਦੀ ਲਾਸ਼ ਤੇਜ਼ਾਬ ਵਿਚ ਖਤਮ ਕਰ ਦਿਤੀ ਹੋਵੇ।

## ਆਸਟਰੇਲੀਆ ਵਿੱਚ ਫਰਜ਼ੀ ਵਿਆਹ ਘੁਟਾਲੇ ਵਿੱਚ ਇੱਕ ਪੰਜਾਬੀ ਦੇ ਸਮੇਤ 164 ਗ੍ਰਿਫਤਾਰ



ਸਿਡਨੀ, 5 ਨਵੰਬਰ (ਪੋਸਟ ਬਿਊਰੋ)- ਇਥੇ ਪੁਲਸ ਨੇ ਫਰਜ਼ੀ ਵਿਆਹ ਕਰਾਉਣ ਦੇ ਦੋਸ਼ ਹੇਠ ਇਕ 32 ਸਾਲਾ ਪੰਜਾਬੀ ਨੂੰ ਗ੍ਰਿਫਤਾਰ ਕੀਤਾ ਹੈ। ਇਹ ਕੇਸ ਸਾਹਮਣੇ ਆਉਣ ਪਿੱਛੋਂ ਕਰੀਬ 164 ਪਰਵਾਸੀਆਂ ਦੀਆਂ ਵਿਆਹ ਤੋਂ ਬਾਅਦ ਪੱਕੇ ਨਿਵਾਸ ਲਈ ਦਿੱਤੀਆਂ ਅਰਜ਼ੀਆਂ ਠੰਢੇ ਬਸਤੇ 'ਚ ਪੈ ਗਈਆਂ ਹਨ। ਪੁਲਸ ਨੂੰ ਸ਼ੱਕ ਹੈ ਕਿ ਆਸਟਰੇਲਿਆਈ ਔਰਤਾਂ ਨਾਲ ਪੈਸੇ ਦਾ ਲਾਲਚ ਦੇ ਕੇ ਵਿਆਹ ਕਰਵਾਉਣ ਦੇ ਅਜਿਹੇ ਕਈ ਮਾਮਲੇ ਹੋ ਸਕਦੇ ਹਨ। ਇਸ ਬਾਰੇ ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਦੇ ਲੋਕ ਵੀ ਸ਼ੱਕੀਆਂ ਵਿੱਚ ਸ਼ਾਮਲ ਹਨ।

ਆਸਟਰੇਲੀਆ ਦੀ ਕੇਂਦਰੀ ਪੁਲਸ ਨੇ ਸਿਡਨੀ ਦੇ ਪੰਜਾਬੀ ਦੀ ਗ੍ਰਿਫਤਾਰੀ ਤੋਂ ਪਹਿਲਾਂ ਸਾਰਾ ਮਾਮਲਾ ਇਮੀਗ੍ਰੇਸ਼ਨ ਵਿਭਾਗ ਦੇ ਧਿਆਨ ਵਿੱਚ ਲਿਆ ਦਿੱਤਾ ਸੀ। ਇਸ ਧੋਖਾਧੜੀ ਵਿੱਚ ਸ਼ਾਮਲ ਹੋਰਨਾਂ ਦੀ ਵੀ ਪੈੜ ਨੱਪੀ ਜਾ ਰਹੀ ਹੈ। ਕਈ ਰਜਿਸਟਰਡ ਏਜੰਟ ਅਤੇ ਵਿਆਹ ਦੇ ਰਜਿਸਟਰੇਸ਼ਨ ਸਰਟੀਫਿਕੇਟ ਦੇਣ ਵਾਲੇ ਵੀ ਸ਼ੱਕ ਦੇ ਘੇਰੇ ਵਿੱਚ ਹਨ। ਪੁਲਸ ਵੱਲੋਂ ਸਖਤੀ ਨਾਲ ਪੁੱਛਗਿੱਛ ਕਰਨ 'ਤੇ ਚਾਰ ਆਸਟਰੇਲੀਅਨ ਔਰਤਾਂ ਨੇ ਅਜਿਹੇ ਕੇਸਾਂ ਵਿੱਚ ਸ਼ਮੂਲੀਅਤ ਮੰਨੀ ਹੈ। ਪੁਲਸ ਦੇ ਮੁਤਾਬਕ ਏਦਾਂ ਦੇ ਕੇਸਾਂ ਵਿੱਚ ਆਮ ਤੌਰ 'ਤੇ ਸਮਾਜਿਕ ਵਿੱਤੀ ਪੱਧਰ 'ਤੇ ਔਕੜਾਂ ਦਾ ਸਾਹਮਣਾ ਕਰ ਰਹੀਆਂ ਨੌਜਵਾਨ ਔਰਤਾਂ ਸ਼ਾਮਲ ਹੁੰਦੀਆਂ ਹਨ। ਸੌਦਾ ਕਰਨ ਵਾਲੇ ਉਨ੍ਹਾਂ ਨੂੰ ਪ੍ਰਤੀ ਹਫਤਾ ਤਨਖਾਹ ਦੇਣ ਦੇ ਪਾਬੰਦ ਹੋ ਜਾਂਦੇ ਹਨ। ਪੁਲਸ ਦੇ ਕਾਰਜਕਾਰੀ ਜਾਂਚ ਕਮਾਂਡਰ ਕਲਿੰਟਨ ਸਿਮਜ਼ ਨੇ ਕਿਹਾ ਕਿ ਇਹ ਮਾਮਲਾ ਆਸਟਰੇਲੀਆ ਦੇ ਇਮੀਗਰੇਸ਼ਨ ਨਿਯਮਾਂ ਨਾਲ ਧੋਖੇ ਦਾ ਹੈ। ਗ੍ਰਿਫਤਾਰ ਕੀਤੇ ਗਏ ਪੰਜਾਬੀ ਨੂੰ ਸਬੰਧਤ ਅਥਾਰਿਟੀ ਨੇ ਦੋਸ਼ੀ ਦੱਸਿਆ ਹੈ। ਉਸ ਨੂੰ ਮਾਈਗਰੇਸ਼ਨ ਐਕਟ ਤਹਿਤ 2,10,000 ਡਾਲਰ ਤੱਕ ਦਾ ਜੁਰਮਾਨਾ ਅਤੇ 10 ਸਾਲ ਦੀ ਕੈਦ ਹੋ ਸਕਦੀ ਹੈ।

## ਆਸੀਆ ਬੀਬੀ ਦੇ ਪਤੀ ਨੇ ਵੀ ਸੁਰੱਖਿਆ ਦੀ ਮੰਗ ਕੀਤੀ

ਇਸਲਾਮਾਬਾਦ, 5 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਸੁਪਰੀਮ ਕੋਰਟ ਦੇ ਹੁਕਮ ਨਾਲ ਕੁਫਰ ਦੇ ਕੇਸ ਤੋਂ ਬਰੀ ਕੀਤੀ ਗਈ ਈਸਾਈ ਮਹਿਲਾ ਆਸੀਆ ਬੀਬੀ ਦੇ ਪਤੀ ਆਸ਼ਿਕ ਮਸੀਹ ਨੇ ਪਾਕਿਸਤਾਨ ਦੇ ਪ੍ਰਦਰਸ਼ਨਕਾਰੀ ਧਾਰਮਿਕ ਗਰੁੱਪ ਤਹਿਰੀਕ-ਏ-ਲੱਬੈਕ ਨਾਲ ਸਰਕਾਰ ਦੇ ਸਮਝੌਤੇ ਦੀ ਸਖਤ ਨਿੰਦਾ ਕਰਦੇ ਹੋਏ ਆਸੀਆ ਬੀਬੀ ਨੂੰ ਸੁਰੱਖਿਆ ਦੇਣ ਅਤੇ ਪਰਵਾਰ ਦੀ ਸੁਰੱਖਿਆ ਕਰਾਉਣ ਦੀ ਮੰਗ ਕੀਤੀ ਹੈ। ਇਕ ਜਰਮਨ ਰੇਡੀਓ ਨੂੰ ਆਸ਼ਿਕ ਮਸੀਹ ਨੇ ਕਿਹਾ, 'ਇਹ ਨਿਆ ਪਾਲਿਕਾ ਉੱਤੇ ਦਬਾਅ ਪਾਏ ਜਾਣ ਦੀ ਗਲਤ ਰਿਵਾਇਤ ਦੀ ਸ਼ੁਰੂਆਤ ਹੈ। ਪਾਕਿਸਤਾਨ ਸਰਕਾਰ ਨੂੰ ਪ੍ਰਦਰਸ਼ਨਕਾਰੀਆਂ ਦੇ ਦਬਾਅ ਸਾਹਮਣੇ ਨਹੀਂ ਝੁਕਣਾ ਚਾਹੀਦਾ। ਮੌਜੂਦਾ ਸਥਿਤੀ ਸਾਡੇ ਲਈ ਬਹੁਤ ਖਤਰਨਾਕ ਹੈ। ਸਾਡੇ ਕੋਲ ਕੋਈ ਸੁਰੱਖਿਆ ਨਹੀਂ ਤੇ ਸਾਨੂੰ ਇਥੇ ਉਥੇ ਲੁਕਣਾ ਪੈ ਰਿਹਾ ਹੈ। ਅਸੀਂ ਵਾਰ-ਵਾਰ ਆਪਣੇ ਸਥਾਨ ਨੂੰ ਬਦਲਣ ਲਈ ਮਜ਼ਬੂਰ ਹਾਂ।' ਉਸ ਨੇ ਕਿਹਾ ਕਿ ਜੇਲ੍ਹ ਵਿੱਚ ਬੰਦ ਉਸ ਦੀ ਪਤਨੀ ਆਸੀਆ ਬੀਬੀ ਉਤੇ ਹਮਲਾ ਹੋ ਸਕਦਾ ਹੈ, ਸਰਕਾਰ ਜੇਲ੍ਹ ਦੀ ਸੁਰੱਖਿਆ ਦੇਵੇ। ਆਸੀਆ ਬੀਬੀ ਦੇ ਪਤੀ ਨੇ ਇਹ ਕਹਿ ਕੇ ਦੇਸ਼ ਛੱਡਣ ਲਈ ਅੰਤਰਰਾਸ਼ਟਰੀ ਮਦਦ ਦੀ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਆਪਣੇ ਪਰਵਾਰ ਦੀ ਸੁਰੱਖਿਆ ਦਾ ਡਰ ਹੈ।

## ਮੈਕਸੀਕੋ ਬਾਰਡਰ ਉੱਤੇ ਟਰੰਪ ਦਾ ਫੌਜ ਭੇਜਣ ਦਾ ਹੁਕਮ ਸਿਆਸੀ ਹੱਥਕੰਡਾ : ਓਬਾਮਾ



ਵਾਸ਼ਿੰਗਟਨ, 5 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਮੈਕਸੀਕੋ ਬਾਰਡਰ 'ਤੇ ਫੌਜ ਭੇਜਣ ਦੇ ਡੋਨਾਲਡ ਟਰੰਪ ਦੇ ਫੈਸਲੇ ਨੂੰ ਸਿਆਸੀ ਸਟੰਟ ਕਰਾਰ ਦਿੱਤਾ ਹੈ।

ਓਬਾਮਾ ਦੇ ਕਹਿਣ ਮੁਤਾਬਕ ਇਸ ਨੂੰ ਦੇਸ਼ ਭਗਤੀ ਨਹੀਂ ਕਿਹਾ ਜਾ ਸਕਦਾ। ਤਿੰਨ ਦੇਸ਼ਾਂ ਦੇ ਕਰੀਬ 10 ਹਜ਼ਾਰ ਤੋਂ ਵੱਧ ਲੋਕ ਮੈਕਸੀਕੋ ਹੋ ਕੇ ਅਮਰੀਕਾ ਵੱਲ ਆ ਰਹੇ ਹਨ। ਓਬਾਮਾ ਨੇ ਜਾਰਜੀਆ 'ਚ ਇੱਕ ਚੋਣ ਰੈਲੀ ਦੌਰਾਨ ਕਿਹਾ ਕਿ 2018 ਵਿੱਚ ਉਨ੍ਹਾਂ (ਟਰੰਪ) ਨੇ ਅਚਾਨਕ ਦੇਸ਼ 'ਤੇ ਖਤਰੇ ਦੀ ਗੱਲ ਕਹੀ। ਗਰੀਬ ਸ਼ਰਨਾਰਥੀ ਹਜ਼ਾਰਾਂ ਕਿਲੋਮੀਟਰ ਦਾ ਸਫਰ ਪੈਦਲ ਤੈਅ ਕਰ ਰਹੇ ਹਨ। ਉਨ੍ਹਾਂ ਨਾਲ ਬੱਚੇ ਵੀ ਹਨ, ਪਰ ਉਨ੍ਹਾਂ ਕੋਲ ਪੈਸਾ ਵੀ ਨਹੀਂ, ਇਹ ਬਹੁਤ ਭਿਆਨਕ ਹੈ। ਓਬਾਮਾ ਨੇ ਕਿਹਾ ਕਿ ਟਰੰਪ ਸਰਹੱਦ 'ਤੇ ਸਾਡੀ ਫੌਜ ਭੇਜ ਰਹੇ ਹਨ, ਇਹ ਸਿਆਸੀ ਹੱਥਕੰਡਾ ਹੈ। ਦੇਸ਼ ਦੀ ਜ਼ਮੀਨ 'ਤੇ ਕਾਨੂੰਨ ਨੂੰ ਜ਼ਬਰਦਸਤੀ ਲਾਗੂ ਨਹੀਂ ਕੀਤਾ ਜਾ ਸਕਦਾ। ਪਤਾ ਲੱਗਾ ਹੈ ਕਿ ਰੋਜ਼ਗਾਰ ਤੇ ਚੰਗੀ ਜ਼ਿੰਦਗੀ ਦੀ ਭਾਲ ਵਿੱਚ ਲੈਟਿਨ ਅਮਰੀਕੀ ਦੇਸ਼ਾਂ ਹੋਂਡੂਰਾਸ, ਗੁਆਟੇਮਾਲਾ ਤੇ ਅਲ ਸਲਵਾਡੋਰ ਦੇ ਕਰੀਬ 10 ਹਜ਼ਾਰ ਲੋਕਾਂ ਦਾ ਕਾਰਵਾਂ ਅਮਰੀਕਾ ਵੱਲ ਆ ਰਿਹਾ ਹੈ, ਜਿਨ੍ਹਾਂ ਨੂੰ ਰੋਕਣ ਲਈ ਅਮਰੀਕਾ-ਮੈਕਸੀਕੋ ਬਾਰਡਰ 'ਤੇ 15 ਹਜ਼ਾਰ ਜਵਾਨ ਲਾਏ ਜਾਣਗੇ। ਟਰੰਪ ਨੇ ਕਿਹਾ ਕਿ ਜੇ ਭੀੜ ਪਥਰਾਅ ਕਰਦੀ ਹੈ ਤਾਂ ਫੌਜ ਨੂੰ ਬਿਨਾਂ ਦੇਰੀ ਦੇ ਗੋਲੀ ਚਲਾਉਣ ਤੋਂ ਝਿਜਕਣਾ ਨਹੀਂ ਚਾਹੀਦਾ।

## ਬ੍ਰਿਟੇਨ ਵਿੱਚ ਸਿੱਖ ਫੌਜੀਆਂ ਦੀ ਯਾਦਗਾਰ ਤੋਂ ਪਰਦਾ ਹਟਾਇਆ



ਲੰਡਨ, 5 ਨਵੰਬਰ (ਪੋਸਟ ਬਿਊਰੋ)- ਪਹਿਲੀ ਸੰਸਾਰ ਜੰਗ 'ਚ ਹਿੱਸਾ ਲੈਣ ਵਾਲੇ ਭਾਰਤੀ ਫੌਜੀਆਂ ਦੀ ਯਾਦ 'ਚ ਬ੍ਰਿਟੇਨ ਦੇ ਪੱਛਮੀ ਮਿੱਡਲੈਂਡਜ਼ ਦੇ ਸਮੈਦਿਕ ਵਿੱਚ ਬਣਾਈ ਗਈ ਯਾਦਗਾਰ ਤੋਂ ਕੱਲ੍ਹ ਪਰਦਾ ਹਟਾਇਆ ਗਿਆ।

ਗੁਰੂ ਨਾਨਕ ਗੁਰਦੁਆਰਾ ਸਮੈਦਿਕ ਨੇ ਇਸ ਯਾਦਗਾਰ ਨੂੰ 'ਵੱਡੀ ਜੰਗ ਦੇ ਸ਼ੇਰ' ਨਾਂਅ ਦਿੱਤਾ ਹੈ। ਪਹਿਲੀ ਸੰਸਾਰ ਜੰਗ ਸਮੇਂ ਬ੍ਰਿਟਿਸ਼ ਭਾਰਤੀ ਫੌਜ ਦੇ ਜਵਾਨਾਂ ਨੇ ਬ੍ਰਿਟੇਨ ਵੱਲੋਂ ਜੰਗ 'ਚ ਹਿੱਸਾ ਲਿਆ ਸੀ। ਗੁਰੂ ਨਾਨਕ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਤਿੰਦਰ ਸਿੰਘ ਨੇ ਕਿਹਾ, 'ਸਾਨੂੰ ਇਸ ਗੱਲ ਦਾ ਮਾਣ ਹੈ ਕਿ ਆਪਣੇ ਵਤਨ ਤੋਂ ਹਜ਼ਾਰਾਂ ਮੀਲ ਦੂਰ ਬੇਗਾਨੇ ਦੇਸ਼ ਲਈ ਆਪਣੀਆਂ ਜਾਨਾਂ ਦੇਣ ਵਾਲੇ ਭਾਰਤੀ ਜਵਾਨਾਂ ਦੀ ਯਾਦ ਵਿੱਚ ਇਥੇ ਯਾਦਗਾਰ ਉਸਾਰੀ ਗਈ ਹੈ।' ਸਮੈਦਿਕ ਹਾਈ ਸਟ੍ਰੀਟ 'ਚ ਇਹ ਯਾਦਗਾਰ ਪਹਿਲੀ ਸੰਸਾਰ ਜੰਗ (ਨਵੰਬਰ 1918) ਦੀ 100ਵੀਂ ਵਰ੍ਹੇਗੰਢ ਦੇ ਮੱਦੇਨਜ਼ਰ ਉਸਾਰੀ ਗਈ ਹੈ। ਇਹ ਬੁੱਤ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਥਾਨਕ ਸੈਂਡਵੈਲ ਕਾਊਸਲ ਦੇ ਸਹਿਯੋਗ ਨਾਲ ਹਾਈ ਸਟ੍ਰੀਟ ਅਤੇ ਟੌਲਹਾਊਸ ਵੇਅ ਵਿਚਾਲੇ ਲਾਇਆ ਗਿਆ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਬੁੱਤ ਲਈ 20 ਹਜ਼ਾਰ ਪਾਊਂਡ ਦਾ ਯੋਗਦਾਨ ਦਿੱਤਾ ਤੇ ਕੌਂਸਲ ਨੇ ਇਥੇ ਲੋਕਾਂ ਦੇ ਬੈਠਣ ਤੇ ਰੌਸ਼ਨੀ ਦਾ ਪ੍ਰਬੰਧ ਕੀਤਾ ਹੈ।

## ਭਾਰਤ-ਪਾਕਿ ਦੇ ਵਿਚਾਲੇ ਸ਼ਾਂਤੀ ਵਾਰਤਾ ਸੰਭਵ: ਚੀਨ

ਬੀਜਿੰਗ, 5 ਨਵੰਬਰ (ਪੋਸਟ ਬਿਊਰੋ)- ਚੀਨ ਨੇ ਕੱਲ੍ਹ ਕਿਹਾ ਕਿ ਭਾਰਤ ਤੇ ਪਾਕਿਸਤਾਨ ਵਿਚਾਲੇ ਸਾਰੇ ਮੁੱਦਿਆਂ ਦਾ ਹੱਲ ਗੱਲਬਾਤ ਨਾਲ ਸੰਭਵ ਹੈ। ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਤੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਬੈਠਕ ਪਿੱਛੋਂ ਚੀਨ ਨੇ ਕਿਹਾ, 'ਭਾਰਤ ਨਾਲ ਸਹਿਯੋਗ ਅਤੇ ਗੱਲਬਾਤ ਦੇ ਜ਼ਰੀਏ ਸ਼ਾਂਤੀ ਬਹਾਲੀ ਦੇ ਯਤਨ ਲਈ ਅਸੀਂ ਪਾਕਿਸਤਾਨ ਦੀ ਪ੍ਰਸ਼ੰਸਾ ਕਰਦੇ ਹਾਂ। ਭਾਰਤ-ਪਾਕਿ ਦੇ ਵਿਚਾਲੇ ਸਾਰੇ ਵਿਵਾਦ ਗੱਲਬਾਤ ਨਾਲ ਸੁਲਝਣੇ ਚਾਹੀਦੇ।'

ਪਾਕਿਸਤਾਨ ਸਮਰਥਿਤ ਅੱਤਵਾਦੀ ਸੰਗਠਨਾਂ ਦੇ 2016 ਵਿੱਚ ਭਾਰਤ ਉਤੇ ਹਮਲੇ ਅਤੇ ਭਾਰਤ ਵੱਲੋਂ ਪੀ ਓ ਕੇ ਵਿੱਚ ਸਰਜੀਕਲ ਸਟ੍ਰਾਈਕ ਦੇ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਸੰਬੰਧਾਂ ਵਿੱਚ ਕੌੜ ਵਧੀ ਹੈ। ਪ੍ਰਧਾਨ ਮੰਤਰੀ ਬਣਨ ਦੇ ਬਾਅਦ ਇਮਰਾਨ ਖਾਨ ਨੇ ਭਾਰਤ ਨੂੰ ਸ਼ਾਂਤੀ ਗੱਲਬਾਤ ਦਾ ਸੱਦਾ ਦਿੱਤਾ ਸੀ। ਕਸ਼ਮੀਰ ਵਿੱਚ ਜਵਾਨਾਂ ਨਾਲ ਬੇਰਹਿਮੀ ਅਤੇ ਮਾੜੀ ਸ਼ਬਦਾਵਲੀ ਨੂੰ ਦੇਖਦੇ ਹੋਏ ਭਾਰਤ ਨੇ ਪ੍ਰਸਤਾਵ ਨੂੰ ਠੁਕਰਾ ਦਿੱਤਾ ਸੀ। ਭਾਰਤ ਆਪਣੇ ਰੁਖ਼ 'ਤੇ ਕਾਇਮ ਹੈ ਕਿ ਅੱਤਵਾਦ ਦੇ ਹੁੰਦਿਆਂ ਗੱਲਬਾਤ ਨਹੀਂ ਹੋ ਸਕਦੀ। ਪਿਛਲੇ ਸਾਲਾਂ ਵਿੱਚ ਚੀਨ ਜਨਤਕ ਤੌਰ 'ਤੇ ਕੋਈ ਰੁਖ਼ ਅਪਣਾਉਣ ਤੋਂ ਬਚਦਾ ਰਿਹਾ ਹੈ, ਪਰ ਉਸ ਨੇ ਆਸ ਪ੍ਰਗਟਾਈ ਹੈ ਕਿ ਗੱਲਬਾਤ ਨਾਲ ਮੁੱਦਿਆਂ ਨੂੰ ਹੱਲ ਕੀਤਾ ਜਾ ਸਕਦਾ ਹੈ।




Honesty, Reliability, Commitment
HomeLife SilverCity
"Open House Until Sold"
○ 1 yr Home Warranty ○ Appliances & Furniture
○ 40% Discount on Brand Name ○ Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585

$739,900 Morning Star/Airport
Great Opportunity For 1st Time Buyers. Newly Renovated W/Granite Counter Top, S/S Appliances, Range Hood, No Carpet In The House, Close To School, 421/401, Westwood Mall, 2 Basement Apartment. Potential Income Of $1800/Month From Bsmnt.

$619,000 Wanless & Mclaughlin
Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities

$615,000 Hwy 10/ Sandalwood
A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities.

$699,900 Chinguacousy/Queen
Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...

Supervisa, Travel Insurance Call: 416.319.0551

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

MICHELIN HANKOOK Continental ROADLUX BFGoodrich AEOLUS
BEST TRUCK REPAIR & TIRE CENTRE



ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ
We also Specialize in Engine, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT BRAND NEW MACHINES 2018
Brake & Drum - On Special Sale! -Made in U.S
4 CAT Batteries $500 on Special Sale
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਬੰਗਲਾਦੇਸ਼ ਵਿੱਚ ਪ੍ਰਧਾਨ ਮੰਤਰੀ ਹਸੀਨਾ 560 ਮਾਡਲ ਮਸਜਿਦਾਂ ਬਣਵਾਏਗੀ

ਢਾਕਾ, 5 ਨਵੰਬਰ (ਪੋਸਟ ਬਿਊਰੋ)- ਬੰਗਲਾ ਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਦੇਸ਼ 'ਚ 560 ਮਾਡਲ ਮਸਜਿਦਾਂ ਬਣਾਉਣ ਦੇ ਨਾਲ ਇਕ ਇਸਲਾਮੀ ਯੂਨੀਵਰਸਿਟੀ ਬਣਾਉਣ ਦਾ ਐਲਾਨ ਕੀਤਾ ਹੈ।



ਹਸੀਨਾ ਸ਼ੇਖ ਦੇ ਇਸ ਕਦਮ ਨੂੰ ਅਗਲੇ ਮਹੀਨੇ ਹੋਣ ਵਾਲੀਆਂ ਪਾਰਲੀਮੈਂਟ ਦੀਆਂ ਚੋਣਾਂ ਤੋਂ ਪਹਿਲਾਂ ਇਸਲਾਮੀ ਕੱਟੜਪੰਥੀਆਂ ਨੂੰ ਭਰਮਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਢਾਕਾ ਟ੍ਰਿਬਿਊਨ ਦੀ ਰਿਪੋਰਟ ਮੁਤਾਬਕ ਹਸੀਨਾ ਨੇ ਇਕ ਸਮਾਰੋਹ 'ਚ ਕਿਹਾ ਕਿ ਸਾਊਦੀ ਅਰਬ ਦੀ ਮਦਦ ਨਾਲ ਇਹ ਮਸਜਿਦਾਂ ਤੇ ਯੂਨੀਵਰਸਿਟੀ ਬਣਾਈ ਜਾਵੇਗੀ। ਉਨ੍ਹਾਂ ਨੇ ਮੌਲਵੀਆਂ ਨੂੰ ਸੋਸ਼ਲ ਮੀਡੀਆ ਉਤੇ ਫੈਲਾਏ ਜਾ ਰਹੇ ਇਸਲਾਮ ਵਿਰੋਧੀ ਗਲਤ ਪ੍ਰਚਾਰ ਤੋਂ ਸ਼ਾਂਤ ਰਹਿਣ ਦੀ ਅਪੀਲ ਕੀਤੀ। ਹਸੀਨ ਦੇ ਕਹਿਣ ਅਨੁਸਾਰ ਉਨ੍ਹਾਂ ਦੀ ਸਰਕਾਰ ਨੇ ਸੋਸ਼ਲ ਮੀਡੀਆ ਉਤੇ ਧਰਮ ਖਿਲਾਫ ਗਲਤ ਭਾਵਨਾ ਪੂਰਨ ਮੁਹਿੰਮ ਚਲਾਉਣ ਵਾਲਿਆਂ ਨੂੰ ਸਜ਼ਾ ਦਿਵਾਉਣ ਲਈ ਸਖਤ ਸਾਈਬਰ ਅਪਰਾਧ ਕਾਨੂੰਨ ਬਣਾਏ ਹਨ। ਪ੍ਰਧਾਨ ਮੰਤਰੀ ਦੀ ਅਵਾਮੀ ਲੀਗ ਪਾਰਟੀ ਨੂੰ ਧਰਮ ਨਿਰਪੱਖ ਤੇ ਉਨ੍ਹਾਂ ਦੀ ਵਿਰੋਧੀ ਖਾਲਿਦਾ ਜ਼ਿਆ ਦੀ ਬੰਗਲਾ ਦੇਸ਼ ਨੈਸ਼ਨਲਿਸਟ ਪਾਰਟੀ ਨੂੰ ਕੱਟੜਪੰਥੀਆਂ ਦਾ ਕਰੀਬੀ ਮੰਨਿਆ ਜਾਂਦਾ ਹੈ। ਇਸ ਲਈ ਰਾਜਨੀਤੀ ਦੇ ਜਾਣਕਾਰ ਉਨ੍ਹਾਂ ਦੇ ਇਸ ਤਾਜ਼ੇ ਐਲਾਨ ਨੂੰ ਕੱਟੜ ਇਸਲਾਮੀ ਵੋਟਰਾਂ ਨੂੰ ਆਪਣੇ ਵੱਲ ਕਰਨ ਦੀ ਕੋਸ਼ਿਸ਼ ਵਜੋਂ ਦੇਖ ਰਹੇ ਹਨ ਜੋ ਰਿਵਾਇਤੀ ਰੂਪ ਨਾਲ ਬੀ ਐਨ ਪੀ ਅਤੇ ਉਸ ਦੀ ਸਹਿਯੋਗੀ ਜਮਾਤ-ਏ-ਇਸਲਾਮੀ ਦੇ ਵੋਟਰ ਮੰਨੇ ਜਾਂਦੇ ਹਨ।

# ਕਾਰ ਤੇ ਮੋਟਰ ਸਾਈਕਲ ਦੀ ਟੱਕਰ ਵਿੱਚ ਇੱਕ ਦੀ ਮੌਤ

ਭੋਗਪੁਰ, 5 ਨਵੰਬਰ (ਪੋਸਟ ਬਿਊਰੋ)- ਜਲੰਧਰ-ਜੰਮੂ ਨੈਸ਼ਨਲ ਹਾਈਵੇ ਉਤੇ ਥਾਣਾ ਭੋਗਪੁਰ ਦੇ ਪਿੰਡ ਕਾਲਾ ਬੱਕਰਾ ਦੇ ਮੇਨ ਚੌਕ 'ਚ ਇੱਕ ਕਾਰ ਤੇ ਮੋਟਰ ਸਾਈਕਲ ਦੀ ਟੱਕਰ ਵਿੱਚ ਮੋਟਰ ਸਾਈਕਲ ਚਾਲਕ ਦੀ ਮੌਤ ਦੀ ਖਬਰ ਹੈ।

ਪੁਲਸ ਚੌਕੀ ਪਚਰੰਗਾ ਦੇ ਮੁਖੀ ਸੁਖਵਿੰਦਰ ਪਾਲ ਨੇ ਦੱਸਿਆ ਕਿ ਰਾਮ ਸਿੰਘ ਪੁੱਤਰ ਕਰਮ ਸਿੰਘ ਵਾਸੀ ਰਣਜੀਤ ਬਸਤੀ ਪਟਿਆਲਾ ਗੇਟ ਸੰਗਰੂਰ ਨੇ ਪੁਲਸ ਨੂੰ ਬਿਆਨ ਦਿੱਤਾ ਹੈ ਕਿ ਉਹ ਗੁਰਦੁਆਰਾ ਸਾਹਿਬ ਵਿੱਚ ਪਾਠ ਕਰਨ ਦਾ ਕੰਮ ਕਰਦਾ ਹੈ ਤੇ ਸ਼ਨੀਵਾਰ ਸ਼ਾਮ ਗੁਰਦੁਆਰਾ ਕੁਟੀਆ ਸਾਹਿਬ ਵਿੱਚੋਂ ਆਪਣੀ ਡਿਊਟੀ ਖਤਮ ਕਰ ਕੇ ਬਾਬਾ ਕੁਲਦੀਪ ਸਿੰਘ ਪੁੱਤਰ ਕਿਸ਼ਨ ਸਿੰਘ ਵਾਸੀ ਜੰਡੀ ਬੁੱਲ੍ਹੋਵਾਲ, ਜਲੰਧਰ, ਜ਼ਿਲ੍ਹਾ ਹੁਸ਼ਿਆਰਪੁਰ ਨਾਲ ਮੋਟਰ ਸਾਈਕਲ 'ਤੇ ਸਵਾਰ ਹੋ ਕੇ ਦਵਾਈ ਲੈਣ ਲਈ ਅੱਡਾ ਕਾਲਾ ਬੱਕਰਾ ਜਾ ਰਹੇ ਸੀ। ਜਦੋਂ ਉਹ ਕਾਲਾ



ਬੱਕਰਾ ਮੇਨ ਚੌਕ ਲੰਘ ਰਹੇ ਸਨ ਤਾਂ ਜਲੰਧਰ ਵਾਲੇ ਪਾਸੇ ਤੋਂ ਇੱਕ ਲੈਂਸਰ ਕਾਰ ਬੜੀ ਤੇਜ਼ੀ ਨਾਲ ਆਈ ਤੇ ਕਾਰ ਨੇ ਮੋਟਰ ਸਾਈਕਲ ਨੂੰ ਜ਼ੋਰਦਾਰ ਟੱਕਰ ਮਾਰੀ। ਇਸ ਕਾਰਨ ਮੋਟਰ ਸਾਈਕਲ ਚਾਲਕ ਕੁਲਦੀਪ ਸਿੰਘ ਦੇ ਸਿਰ 'ਚ ਗੰਭੀਰ ਸੱਟ ਲੱਗੀ ਅਤੇ ਮੋਟਰ ਸਾਈਕਲ ਪਿੱਛੇ ਬੈਠੇ ਰਾਮ ਸਿੰਘ ਦੀ ਸੱਜੀ ਬਾਂਹ ਅਤੇ ਸੱਜੀ ਲੱਤ ਦੀ ਹੱਡੀ ਟੁੱਟ ਗਈ ਤੇ ਸਿਰ ਵਿੱਚ ਵੀ ਸੱਟ ਲੱਗ ਗਈ। ਲੋਕਾਂ ਨੇ ਰਾਮ ਸਿੰਘ ਅਤੇ ਕੁਲਦੀਪ ਸਿੰਘ ਨੂੰ ਜ਼ਖਮੀ ਹਾਲਤ ਵਿੱਚ ਸਰਕਾਰੀ ਹਸਪਤਾਲ ਕਾਲਾ ਬੱਕਰਾ ਪੁਚਾਇਆ, ਜਿੱਥੇ ਕੁਲਦੀਪ ਸਿੰਘ ਦੀ ਮੌਤ ਹੋ ਗਈ ਅਤੇ ਰਾਮ ਸਿੰਘ ਦੇ ਜ਼ਿਆਦਾ ਸੱਟਾਂ ਲੱਗਣ ਕਾਰਨ ਡਾਕਟਰਾਂ ਨੇ ਉਸ ਨੂੰ ਜਲੰਧਰ ਰੈਫਰ ਕਰ ਦਿੱਤਾ ਹੈ। ਪੁਲਸ ਚੌਕੀ ਪਚਰੰਗਾ ਨੇ ਕਾਰਵਾਈ ਕਰਦਿਆਂ ਕਾਰ ਚਾਲਕ ਬਲਵੀਰ ਸਿੰਘ ਪੁੱਤਰ ਜੋਗਾ ਸਿੰਘ ਵਾਸੀ ਰਸ਼ਪਾਲਵਾਂ ਥਾਣਾ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਖਿਲਾਫ ਕੇਸ ਦਰਜ ਕਰ ਲਿਆ ਹੈ।

# ਕਾਰ ਡੀਲਰ ਉੱਤੇ ਚੋਰੀ ਕੀਤੀ ਹੋਈ ਗੱਡੀ ਵੇਚਣ ਦਾ ਦੋਸ਼

ਅੰਮ੍ਰਿਤਸਰ, 5 ਨਵੰਬਰ (ਪੋਸਟ ਬਿਊਰੋ)- ਕੁਝ ਮਹੀਨੇ ਪਹਿਲਾਂ ਵਾਹਨ ਚੋਰ ਗਿਰੋਹ ਦੇ ਮੈਂਬਰਾਂ ਨੇ ਦਿੱਲੀ ਨੰਬਰ ਦੀ ਬ੍ਰੀਜਾ ਕਾਰ ਨੂੰ ਚੋਰੀ ਕਰ ਲਿਆ ਤੇ ਫਿਰ ਉਸ ਨੂੰ ਦਿੱਲੀ ਦੇ ਚੋਰ ਬਾਜ਼ਾਰ ਵਿੱਚ ਵੇਚ ਦਿੱਤਾ। ਉਥੋਂ ਕਿਸੇ ਡੀਲਰ ਨੇ ਉਸ ਨੂੰ ਖਰੀਦਿਆ ਤੇ ਫਿਰ ਉਸ ਨੂੰ ਮੋਡੀਫਾਈ ਕਰਾ ਕੇ ਜਲੰਧਰ ਜੋਬਨਪ੍ਰੀਤ ਸਿੰਘ ਨੂੰ ਵੇਚ ਦਿੱਤਾ। ਕਾਰ ਅੰਮ੍ਰਿਤਸਰ ਵਿੱਚ ਵਿਕਣ ਪਹੁੰਚੀ ਤਾਂ ਉਸ ਚੋਰੀ ਦੀ ਕਾਰ 'ਤੇ ਨੰਬਰ ਲਾਇਆ ਜਾ ਚੁੱਕਾ ਸੀ। ਇਸ ਵਿੱਚ ਗੜਬੜ ਦੇ ਕਾਰਨ ਉਸ ਨੂੰ ਕੋਰਟ ਰੋਡ ਦੀ ਕਾਰ ਕੰਪਨੀ ਦੇ ਸ਼ੋਅਰੂਮ ਵਿੱਚ ਮੁਰੰਮਤ ਲਈ ਲਿਆਂਦਾ ਗਿਆ। ਜਦ ਕੰਪਨੀ ਮੁਲਾਜ਼ਮਾਂ ਨੇ ਕਾਰ ਦਾ ਚੈਸੀ ਨੰਬਰ ਆਪਣੇ ਸਿਸਟਮ ਵਿੱਚ ਪਾਇਆ ਤਾਂ ਸਾਰਾ ਮਾਮਲਾ ਸਾਫ ਹੋ ਗਿਆ ਤੇ ਸਿਵਲ ਲਾਈਨ ਥਾਣੇ ਦੀ ਪੁਲਸ ਨੂੰ ਸੂਚਿਤ ਕੀਤਾ ਗਿਆ। ਇਸ ਦੌਰਾਨ ਦੋਸ਼ੀਆਂ ਨੇ ਭਿਣਕ ਲੱਗ ਗਈ ਤਾਂ ਉਹ ਫਰਾਰ ਹੋ ਗਏ।

ਪੁਲਸ ਨੇ ਏਜੰਸੀ ਤੋਂ ਕਾਰ ਨੂੰ ਕਬਜ਼ੇ ਵਿੱਚ ਲੈ ਲਿਆ ਹੈ। ਸਬ ਇੰਸਪੈਕਟਰ ਨਿਸ਼ਾਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਧੋਖਾਧੜੀ, ਜਾਅਲਸਾਜ਼ੀ ਤੇ ਫਰਜ਼ੀ ਦਸਤਾਵੇਜ਼ ਤਿਆਰ ਕਰਾ ਕੇ ਕਾਰਾਂ ਵੇਚਣ ਦੇ ਦੋਸ਼ ਤੋਂ ਜਲੰਧਰ ਦੇ ਲਾਂਬੜਾ ਵਾਸੀ ਜੋਬਨਪ੍ਰੀਤ ਸਿੰਘ ਅਤੇ ਅੰਮ੍ਰਿਤਸਰ ਦੀ ਗਲੀ ਬਘੀਆਂ ਵਾਸੀ ਗੁਰਪ੍ਰੀਤ ਸਿੰਘ ਦੇ ਖਿਲਾਫ ਕੇਸ ਦਰਜ ਕੀਤਾ ਹੈ। ਪੁਲਸ ਮੁਤਾਬਕ ਜੋਬਨਪ੍ਰੀਤ ਕਾਰਾਂ ਵੇਚਣ ਦਾ ਕਾਰੋਬਾਰ ਕਰਦਾ ਸੀ ਅਤੇ ਉਹ ਅੰਮ੍ਰਿਤਸਰ ਦੇ ਗੁਰਪ੍ਰੀਤ ਸਿੰਘ (ਕਾਰ ਡੀਲਰ) ਦੇ ਸੰਪਰਕ ਵਿੱਚ ਸੀ। ਬ੍ਰੀਜਾ ਕਾਰ ਨੂੰ ਵੇਚਣ ਬਾਰੇ ਦੋਵਾਂ ਦੀ ਗੱਲ ਚੱਲ ਰਹੀ ਸੀ। ਦੱਸਿਆ ਗਿਆ ਹੈ ਕਿ ਕਾਰ ਨੂੰ ਗਵਾਲ ਮੰਡੀ ਦੇ ਕਿਸੇ ਵਿਅਕਤੀ ਨੂੰ ਵੇਚਿਆ ਜਾਣਾ ਸੀ। ਕਾਰ ਨੂੰ ਗੁਰਦਾਸਪੁਰ ਦਾ ਉਕਤ ਨੰਬਰ ਲਗਾ ਕੇ ਅੰਮ੍ਰਿਤਸਰ ਵੇਚਣ ਦੇ ਲਈ ਭੇਜ ਦਿੱਤਾ ਗਿਆ, ਪਰ ਜਿੰਂ ਹੀ ਕਾਰ ਇਥੇ ਪਹੁੰਚੀ ਤਾਂ ਉਸ ਦੇ ਇੰਜਣ ਵਿੱਚ ਗੜਬੜੀ ਹੋਣ ਲੱਗੀ।

## ਡਾ: ਦਹੀਆ ਸਾਲ 2020 ਲਈ ਆਈ ਐੱਮ ਏ ਦੇ ਸੂਬਾ ਪ੍ਰਧਾਨ ਚੁਣੇ ਗਏ

ਜਲੰਧਰ, 5 ਨਵੰਬਰ (ਪੋਸਟ ਬਿਊਰੋ)- ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ ਐੱਮ ਏ) ਪੰਜਾਬ ਦੀ ਚੋਣ ਕੱਲ੍ਹ ਸਰਬ ਸੰਮਤੀ ਨਾਲ ਹੋਈ ਤਾਂ ਸੂਬਾ ਪੱਧਰੀ ਬੈਠਕ ਵਿੱਚ ਡਾਕਟਰ ਨਵਜੋਤ ਸਿੰਘ ਦਹੀਆ ਨੂੰ ਸਾਲ 2020 ਲਈ ਸੂਬਾ ਪ੍ਰਧਾਨ ਚੁਣ ਲਿਆ ਗਿਆ। ਇਸ ਦਾ ਕਿਸੇ ਨੇ ਵੀ ਵਿਰੋਧ ਨਹੀਂ ਕੀਤਾ।

ਆਈ ਐੱਮ ਏ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾਕਟਰ ਰਾਕੇਸ਼ ਵਿਗ ਨੇ ਦੱਸਿਆ ਕਿ ਪ੍ਰਧਾਨ ਅਹੁਦੇ ਲਈ ਸੂਬੇ ਭਰ ਤੋਂ ਕਿਸੇ ਵੀ ਉਮੀਦਵਾਰ ਨੇ ਨਾਮਜ਼ਦਗੀ ਪੱਤਰ ਦਾਖਲ ਨਹੀਂ ਕੀਤਾ। ਡਾਕਟਰ ਦਹੀਆ ਪਿਛਲੇ ਸੱਤ ਸਾਲ ਤੋਂ ਆਈ ਐੱਮ ਏ ਸੂਬਾ ਸੈਕਟਰੀ ਸਨ। ਸਾਲ 2019 ਲਈ ਦੋ ਉਪ ਪ੍ਰਧਾਨ, ਜਨਰਲ ਸੈਕਟਰੀ ਤੇ ਵਿੱਤ ਸੈਕਟਰੀ ਦੇ ਇੱਕ-ਇੱਕ ਅਹੁਦੇ ਲਈ ਚੋਣ ਪ੍ਰਕਿਰਿਆ ਪੂਰੀ ਕੀਤੀ ਗਈ। ਇਸ ਦੌਰਾਨ ਉਪ ਪ੍ਰਧਾਨ ਲਈ ਛੇ ਅਤੇ ਵਿੱਤ ਸੈਕਟਰੀ ਅਤੇ ਜਨਰਲ ਸੈਕਟਰੀ ਅਹੁਦੇ ਲਈ ਦੋ-ਦੋ ਉਮੀਦਵਾਰਾਂ ਨੇ ਨਾਮਜ਼ਦਗੀ ਭਰੇ ਸਨ।

## ਪਾਰਟੀ ਕਰਨ ਬਹਾਨੇ ਲਿਜਾ ਕੇ ਦੋਸਤਾਂ ਨੇ ਦਸਵੀਂ ਦੇ ਵਿਦਿਆਰਥੀ ਦਾ ਕਤਲ ਕੀਤਾ




ਜਲਾਲਾਬਾਦ (ਫਿਰੋਜ਼ਪੁਰ), 5 ਨਵੰਬਰ (ਪੋਸਟ ਬਿਊਰੋ)- ਪਿੰਡ ਢੰਢੀ ਖੁਰਦ ਵਿੱਚ ਤਿੰਨ ਦੋਸਤਾਂ ਨੇ ਦਸਵੀਂ ਕਲਾਸ ਦੇ ਵਿਦਿਆਰਥੀ ਸਵਰੂਪ ਸਿੰਘ (18) ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਤੇ ਲਾਸ਼ ਮ੍ਰਿਤਕ ਦੇ ਚਾਚਾ ਰਣਜੀਤ ਸਿੰਘ ਦੇ ਮੱਝਾਂ ਵਾਲੇ ਕਮਰੇ ਵਿੱਚ ਲੁਕੋ ਦਿੱਤੀ। ਉਹ ਉਸ ਨੌਜਵਾਨ ਨੂੰ ਪਾਰਟੀ ਦੇ ਬਹਾਨੇ ਘਰੋਂ ਲੈ ਗਏ ਸਨ। ਸੂਚਨਾ ਮਿਲਦੇ ਹੀ ਡੀ ਐਸ ਪੀ ਜਸਪਾਲ ਸਿੰਘ ਧਾਮੀ ਅਤੇ ਥਾਣਾ ਸਦਰ ਦੇ ਐਸ ਐਚ ਓ ਭੋਲਾ ਸਿੰਘ ਘਟਨਾ ਸਥਾਨ 'ਤੇ ਪਹੁੰਚ ਗਏ। ਥਾਣਾ ਸਦਰ ਪੁਲਸ ਨੇ ਮ੍ਰਿਤਕ ਦੇ ਪਿਤਾ ਦੇ ਬਿਆਨ ਉੱਤੇ ਦੋਸ਼ੀ ਤਿੰਨਾਂ ਦੋਸਤਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਤਿੰਨੋਂ ਦੋਸ਼ੀ ਫਰਾਰ ਹਨ। ਪੁਲਸ ਨੇ ਸ਼ੰਕਾ ਪ੍ਰਗਟਾਈ ਹੈ ਕਿ ਹੱਤਿਆ ਦੇ ਪਿੱਛੇ ਪ੍ਰੇਮ ਪ੍ਰਸੰਗ ਦਾ ਮਾਮਲਾ ਹੋ ਸਕਦਾ ਹੈ।

ਢੰਢੀ ਖੁਰਦ ਦੇ ਸਤਨਾਮ ਸਿੰਘ ਨੇ ਦੱਸਿਆ ਕਿ ਰਾਤ ਕਰੀਬ ਨੌਂ ਵਜੇ ਪਿੰਡ ਦੇ ਰਹਿਣ ਵਾਲੇ ਸਰਬਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ, ਰੇਸ਼ਮ ਸਿੰਘ ਪੁੱਤਰ ਪਿਆਰਾ ਸਿੰਘ ਤੇ ਮੰਗਤ ਸਿੰਘ ਪੁੱਤਰ ਜੰਗੀਰ ਸਿੰਘ ਉਸ ਦੇ ਬੇਟੇ ਸਰੂਪ ਸਿੰਘ ਨੂੰ ਪਾਰਟੀ ਦੇ ਬਹਾਨੇ ਘਰੋਂ ਬੁਲਾ ਕੇ ਲੈ ਗਏ ਸਨ। ਸਾਰੇ ਲੜਕੇ ਅਡਲਟ ਹਨ। ਦੇਰ ਰਾਤ ਤੱਕ ਸਰੂਪ ਘਰ ਨਹੀਂ ਆਇਆ ਤਾਂ ਉਨ੍ਹਾਂ ਨੇ ਉਸ ਦੀ ਪਿੰਡ ਵਿੱਚ ਭਾਲ ਸ਼ੁਰੂ ਕਰ ਦਿੱਤੀ। ਉਸ ਦੇ ਬਾਰੇ ਰਿਸ਼ਤੇਦਾਰਾਂ ਵਿੱਚ ਵੀ ਪੁੱਛਗਿੱਛ ਕੀਤੀ ਗਈ, ਪਰ ਕਿਤੇ ਉਸ ਦਾ ਸੁਰਾਗ ਨਹੀਂ ਲੱਗਾ। ਸਤਨਾਮ ਨੇ ਦੱਸਿਆ ਕਿ ਉਸ ਦੇ ਬੇਟੇ ਸਰੂਪ ਦੀ ਲਾਸ਼ ਮੱਝਾਂ ਵਾਲੇ ਕਮਰੇ ਵਿੱਚ ਮਿਲੀ। ਉਨ੍ਹਾਂ ਨੇ ਦੋਸ਼ ਲਾਇਆ ਕਿ ਉਸ ਦੇ ਬੇਟੇ ਸਰੂਪ ਦੀ ਹੱਤਿਆ ਉਕਤ ਤਿੰਨਾਂ ਦੋਸਤਾਂ ਨੇ ਕੀਤੀ ਹੈ।

# ਫਰਜ਼ੀ ਔਰਤ ਖੜ੍ਹੀ ਕਰ ਕੇ ਮਤਰੇਈ ਮਾਂ ਦੀ ਜ਼ਮੀਨ ਹੜੱਪਣ ਵਾਲੇ ਦੋਂਵੇਂ ਭਰਾਵਾਂ ਉਤੇ ਕੇਸ ਦਰਜ



ਮੋਗਾ, 5 ਨਵੰਬਰ (ਪੋਸਟ ਬਿਊਰੋ)- ਮਤਰੇਈ ਮਾਂ ਦੀ ਜਗ੍ਹਾ ਕਿਸੇ ਹੋਰ ਮਹਿਲਾ ਨੂੰ ਖੜ੍ਹੀ ਕਰ ਕੇ ਜ਼ਮੀਨ ਨਾਂਅ ਕਰਾਉਣ ਦੇ ਦੋਸ਼ ਵਿੱਚ ਪੁਲਸ ਨੇ ਦੋ ਭਰਾਵਾਂ ਵਿਰੁੱਧ ਕੇਸ ਦਰਜ ਕੀਤਾ ਹੈ। ਥਾਣਾ ਬਧਨੀ ਕਲਾਂ ਦੇ ਏ ਐੱਸ ਆਈ ਮੰਗਲ ਸਿੰਘ ਨੇ ਦੱਸਿਆ ਜ਼ਿਲ੍ਹਾ ਬਠਿੰਡਾ ਦੇ ਪਿੰਡ ਪੂਹਲਾ ਤਸੀਲ ਨਥਾਣਾ ਦੇ ਆਤਮਾ ਸਿੰਘ ਨੇ ਮੋਗਾ ਦੇ ਐੱਸ ਐੱਸ ਪੀ ਨੂੰ 15 ਅਗਸਤ 2018 ਨੂੰ ਲਿਖਤੀ ਸ਼ਿਕਾਇਤ ਦੇ ਕੇ ਦੱਸਿਆ ਸੀ ਕਿ ਮੋਗਾ ਦੇ ਪਿੰਡ ਬੁਟਰ ਕਲਾਂ ਦੇ ਜਰਨੈਲ ਸਿੰਘ ਦੀ ਪਹਿਲੀ ਪਤਨੀ ਜੋਗਿੰਦਰ ਕੌਰ ਦੀ ਮੌਤ ਦੇ ਬਾਅਦ ਉਸ ਨੇ ਮੇਰੀ ਭੈਣ ਜਸਮੇਲ ਕੌਰ ਨਾਲ ਵਿਆਹ ਕੀਤਾ ਸੀ। ਇਸ ਦੇ ਬਾਅਦ ਜੀਜਾ ਜਨਰੈਲ ਸਿੰਘ ਨੇ ਆਪਣੀ ਪਹਿਲੀ ਪਤਨੀ ਜੋਗਿੰਦਰ ਕੌਰ ਦੇ ਦੋਵਾਂ ਪੁੱਤਰਾਂ ਗੁਰਮੀਤ ਸਿੰਘ ਅਤੇ ਸੁਖਮੰਦਰ ਸਿੰਘ ਦੇ ਨਾਂਅ ਸੱਤ ਕਿੱਲੇ ਜ਼ਮੀਨ ਕਰਵਾ ਦਿੱਤੀ, ਜਦ ਕਿ ਬਾਕੀ ਬਚੀ ਛੇ ਕਿੱਲੇ ਜ਼ਮੀਨ ਜਸਮੇਲ ਕੌਰ ਦੇ ਨਾਂਅ ਕਰਾਈ ਸੀ। ਆਤਮਾ ਸਿੰਘ ਦਾ ਦੋਸ਼ ਹੈ ਕਿ ਇਸੇ ਦੌਰਾਨ ਉਸ ਦੇ ਜੀਜੇ ਜਰਨੈਲ ਸਿੰਘ ਦੀ ਮੌਤ ਹੋ ਗਈ ਤਾਂ ਗੁਰਮੀਤ ਸਿੰਘ ਅਤੇ ਸੁਖਮੰਦਰ ਸਿੰਘ ਨੇ ਸਾਰੀ ਜ਼ਮੀਨ ਹੜੱਪਣ ਦੇ ਲਈ ਫਰਜ਼ੀ ਮਹਿਲਾ ਨੂੰ ਜਸਮੇਲ ਕੌਰ ਬਣਾ ਕੇ ਦਸਖਤ ਕਰਵਾ ਲਏ। ਇਸ ਦਾ ਪਤਾ ਲੱਗਣ 'ਤੇ ਉਸ ਨੇ ਐੱਸ ਐੱਸ ਪੀ ਨੇ ਮਾਮਲੇ ਦੀ ਜਾਂਚ ਡੀ ਐੱਸ ਪੀ ਨਿਹਾਲ ਸਿੰਘ ਵਾਲਾ ਨੂੰ ਸੌਂਪ ਦਿੱਤੀ।

Auto | Home | Business
"ਵਾਜਿਬ ਰੇਟ ਤੇ ਵਧੀਆ ਕਵਰੇਜ"
LUCKY
◦ Unbeatable Prices ◦ Good Rates ◦ Huge Discounts on Various Insurances
Harmanjeet Kaur | 905.602.1629
LUCKY INSURANCE BROKERS LIMITED | 1550 South Gateway Road, Suite #230 Mississauga, ON L4W 5G6



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

Seeking a suitable match for Brahmin Boy, Height 5'-10", September 1981 born, ME Computers. Canadian PR holder. Well settled and working with reputed MNC. Contact +1-416-825-8106. Please send biodata and recent pictures at brahminboy81@gmail.com

Mann ਜੱਟ ਸਿੱਖ,ਉਮਰ 25 ਸਾਲ, ਕੱਦ 6 ਫੁੱਟ, Italian born, , ਚੰਗੀ ਨੌਕਰੀ ਕਰਦੇ ਲੜਕੇ ਲਈ PR ਜੱਟ ਸਿੱਖ ਲੜਕੀ ਦੀ ਲੋੜ। ਸਟੂਡੈਂਟ ਜਾਂ work permit 'ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਲੜਕਾ work permit 'ਤੇ ਹੈ। ਸੰਪਰਕ ਕਰੋ - 647-981-0014 , 416-918-7517

ਜਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, **District** ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ, ਕੱਦ 5'-10", Computer ਡਿਪਲੋਮਾ, ਵੀਜ਼ਿਟਰ ਵੀਜ਼ੇ ਤੇ ਆਏ ਲੜਕੇ ਲਈ P.R ਜਾਂ citizen ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾ ਕੈਨੇਡਾ ਵਿੱਚ ਸੈਟਲਡ ਹਨ। ਮਾਂ ਪਿਉ Super Visa ਤੇ ਹਨ । ਕਿਰਪਾ ਕਰਕੇ ਸੰਪਰਕ ਕਰੋ- 647-721-4039

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 I 905-455-8152

ਜਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਨਜਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੌਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ।
ਵਧੇਰੀ ਜਾਣਕਾਰੀ ਲਈ 516-620-0565 ਤੇ ਫੋਨ ਕਰੋ।

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993 , ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਉਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991 , ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4", B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ ।
ਸੰਪਰਕ ਕਰੋ: 647-616-4244, 647-328-1601 ਜਾਂ
Whatsapp- 700-90-60-269

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

ਗਾਇਕ ਤੇ ਗਿਟਾਰਿਸਟ
Available for all Kinds of Events
Supreet Singh
Singer
647-300-0666
supreetsingh4171@gmail.com

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

YOUR AD HERE
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢਨੋਆ

# ਅਮਰੀਕਾ ਦੀਆਂ ਮੱਧ-ਕਾਲੀ ਚੋਣਾਂ ਵਿੱਚ ਟਰੰਪ ਦੀ ਸਾਖ ਦਾਅ 'ਤੇ ਲੱਗੀ



ਨਵੀਂ ਦਿੱਲੀ, 5 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੀਆਂ ਮੱਧ-ਕਾਲੀ ਚੋਣਾਂ ਇਸ ਵਾਰ ਬੜੀ ਚਰਚਾ 'ਚ ਹਨ। ਇਨ੍ਹਾਂ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਾਖ ਨਾਲ ਜੋੜਿਆ ਜਾ ਰਿਹਾ ਹੈ। ਕਾਰਜਕਾਲ ਦੇ ਵਿਚਾਲੇ ਹੋ ਰਹੀਆਂ ਇਨ੍ਹਾਂ ਚੋਣਾਂ ਨਾਲ ਟਰੰਪ ਦੀ ਸੱਤਾ 'ਤੇ ਭਾਵੇਂ ਅਸਰ ਨਹੀਂ ਪਵੇਗਾ, ਪਰ ਉਨ੍ਹਾਂ ਦੇ ਵੱਕਾਰ 'ਤੇ ਪ੍ਰਭਾਵ ਜ਼ਰੂਰ ਪਵੇਗਾ। ਇਸ ਤੋਂ ਇਲਾਵਾ ਟਰੰਪ ਦੀ ਰਿਪਬਲਿਕਨ ਪਾਰਟੀ ਨੂੰ 100 ਮੈਂਬਰਾਂ ਵਾਲੇ ਉਚ ਸਦਨ, ਸੈਨੇਟ ਵਿੱਚ ਬਹੁਮਤ ਗੁਆਉਣ ਦਾ ਡਰ ਹੈ। ਸੈਨੇਟ 'ਚ ਡੈਮੋਕ੍ਰੇਟਸ ਦਾ ਬਹੁਮਤ ਹੋ ਗਿਆ ਤਾਂ ਆਪਣੇ ਬਾਕੀ ਕਾਰਜਕਾਲ ਵਿੱਚ ਟਰੰਪ ਨੂੰ ਫੈਸਲੇ ਲੈਣ ਵਿੱਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਵੇਗਾ। ਹਾਲੇ ਤੱਕ ਸੈਨੇਟ 'ਚ ਰਿਪਬਲਿਕਨ ਦੀਆਂ 51 ਸੀਟਾਂ ਹਨ।

ਅਮਰੀਕਾ 'ਚ ਮੱਧ-ਕਾਲੀ ਚੋਣਾਂ ਦਾ ਇਤਿਹਾਸ ਰਿਹਾ ਹੈ ਕਿ ਰਾਸ਼ਟਰਪਤੀ ਦੀ ਪਾਰਟੀ ਪ੍ਰਤੀਨਿਧੀ ਸਭਾ (ਹਾਊਸ ਆਫ ਰਿਪ੍ਰਜੈਂਟੇਟਿਵਜ਼) ਦੀਆਂ ਔਸਤਨ 30 ਸੀਟਾਂ ਤੇ ਸੈਨੇਟ ਦੀਆਂ ਚਾਰ ਸੀਟਾਂ ਗੁਆ ਲੈਂਦੀ ਹੈ। ਪਿਛਲੀਆਂ ਦੋ ਦਰਜਨ ਮੱਧ-ਕਾਲੀ ਚੋਣਾਂ ਵਿੱਚ ਸਿਰਫ ਦੋ ਵਾਰ ਏਦਾਂ ਹੋਇਆ ਹੈ, ਜਦੋਂ ਦੋਵੇਂ ਸਦਨਾਂ ਵਿੱਚ ਰਾਸ਼ਟਰਪਤੀ ਦੀ ਪਾਰਟੀ ਦੀਆਂ ਸੀਟਾਂ ਵਧੀਆਂ ਹਨ। ਇਸ ਵਾਰ ਦੀਆਂ ਮੱਧ-ਕਾਲੀ ਚੋਣਾਂ ਨੂੰ ਲੈ ਕੇ ਮਾਹਰ ਦੋ ਹਿੱਸਿਆਂ ਵਿੱਚ ਵੰਡੇ ਨਜ਼ਰ ਆ ਰਹੇ ਹਨ। ਇਕ ਵਰਗ ਦਾ ਮੰਨਣਾ ਹੈ ਕਿ ਟਰੰਪ ਆਪਣੇ ਸੁਭਾਅ ਅਤੇ ਫੈਸਲਿਆਂ ਕਾਰਨ ਲੋਕਪ੍ਰਿਅਤਾ ਗੁਆ ਰਹੇ ਹਨ। ਅਮਨ ਪਸੰਦ ਅਮਰੀਕੀ ਉਨ੍ਹਾਂ ਦੇ ਵਿਰੋਧ ਵਿੱਚ ਹਨ। ਪਰਵਾਸੀਆਂ ਬਾਰੇ ਟਰੰਪ ਦਾ ਰਵੱਈਆ ਅਤੇ ਕਾਰੋਬਾਰੀ ਮੋਰਚੇ 'ਤੇ ਉਨ੍ਹਾਂ ਦੀਆਂ ਨੀਤੀਆਂ ਨਾਲ ਵੀ ਵੱਡਾ ਵਰਗ ਖਫਾ ਦੱਸਿਆ ਜਾ ਰਿਹਾ ਹੈ। ਮਾਹਰਾਂ ਦਾ ਦੂਸਰਾ ਵਰਗ ਮੰਨਦਾ ਹੈ ਕਿ ਡੋਨਾਲਡ ਟਰੰਪ ਦੀ ਲੋਕਪ੍ਰਿਅਤਾ ਵਿੱਚ ਕਮੀ ਨਹੀਂ ਆਈ, ਨੀਤੀਆਂ ਨੂੰ ਰਾਸ਼ਟਰਵਾਦ ਨਾਲ ਜੋੜਨ ਕਾਰਨ ਵੱਡਾ ਵਰਗ ਉਨ੍ਹਾਂ ਨਾਲ ਹੈ।

ਇਸ ਦੌਰਾਨ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਨ੍ਹਾਂ ਚੋਣਾਂ ਵਿੱਚ ਡੈਮੋਕ੍ਰੇਟਸ ਦੇ ਪੱਖ ਵਿੱਚ ਲੱਕ ਬੰਨ੍ਹ ਲਿਆ ਹੈ। ਚੋਣਾਂ ਦੇ ਆਖਰੀ ਦੌਰ ਵਿੱਚ ਓਬਾਮਾ ਖੁੱਲ੍ਹਾ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਦੀ ਇਸ ਸਰਗਰਮੀ ਨਾਲ ਕੁਝ ਸੀਟਾਂ 'ਤੇ ਰਿਪਬਲਿਕਨ ਨੂੰ ਨੁਕਸਾਨ ਹੋ ਸਕਦਾ ਹੈ। ਪਿੱਛੇ ਜਿਹੇ ਪੀਟਰਸਬਰਗ 'ਚ ਹੋਈ ਗੋਲੀਬਾਰੀ ਦੀ ਘਟਨਾ ਨਾਲ ਵੀ ਟਰੰਪ ਨੂੰ ਨੁਕਸਾਨ ਹੋਣ ਦੀ ਗੱਲ ਕਹੀ ਜਾ ਰਹੀ ਹੈ। ਪੀਟਰਸਬਰਗ 'ਚ ਪਰਵਾਸੀਆਂ ਤੇ ਯਹੂਦੀਆਂ ਨੂੰ ਨਫਰਤ ਕਰਨ ਵਾਲੇ ਇਕ ਵਿਅਕਤੀ ਨੇ ਗੋਲੀਬਾਰੀ ਕਰਦੇ ਹੋਏ 11 ਲੋਕਾਂ ਦੀ ਹੱਤਿਆ ਕਰ ਦਿੱਤੀ ਸੀ।

# ਭਾਰਤੀ ਫੌਜ ਵਿੱਚ ਔਰਤਾਂ ਨੂੰ ਪੱਕਾ ਕਮਿਸ਼ਨ ਦੇਣ ਬਾਰੇ ਵਿਚਾਰ ਹੋ ਰਿਹੈ

ਉਦੇਪੁਰ, 5 ਨਵੰਬਰ (ਪੋਸਟ ਬਿਊਰੋ)- ਭਾਰਤ ਦੀ ਫੌਜ ਦੇ ਜਨਰਲ ਮੁਖੀ ਬਿਪਿਨ ਰਾਵਤ ਦਾ ਕਹਿਣਾ ਹੈ ਕਿ ਫ਼ੌਜ ਵਿਚ ਔਰਤਾਂ ਦੀ ਹਿੱਸੇਦਾਰੀ ਵਧਾਉਣ ਲਈ ਉਨ੍ਹਾਂ ਨੂੰ ਪੱਕਾ ਕਮਿਸ਼ਨ ਦਿੱਤੇ ਜਾਣ ਉਤੇ ਵਿਚਾਰ ਚੱਲ ਰਿਹਾ ਹੈ। ਫਿਲਹਾਲ ਸਾਡੇ ਕੋਲ ਔਰਤਾਂ ਲਈ ਫ੍ਰੰਟਲਾਈਨ ਰੈਂਕ ਵਿਚ ਲੇਡੀ ਡਾਕਟਰਜ਼ ਹਨ। ਜਨਰਲ ਰਾਵਤ ਕੱਲ੍ਹ ਉਦੇਪੁਰ ਦੇ ਇਕ ਗਰਲਜ਼ ਸਕੂਲ ਦੇ ਸਾਲਾਨਾ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਇੱਥੇ ਆਏ ਸਨ।

ਇਸ ਪ੍ਰੋਗਰਾਮ ਦੇ ਦੌਰਾਨ ਜਨਰਲ ਰਾਵਤ ਨੇ ਕਿਹਾ ਕਿ ਫ਼ੌਜ ਵਿੱਚ ਔਰਤਾਂ ਲਈ ਇਕ ਵਿਸ਼ੇਸ਼ ਬਣਾਉਣ ਕਰ ਕੇ ਉਨ੍ਹਾਂ ਨੂੰ ਪੱਕਾ ਕਮਿਸ਼ਨ ਦੇਣ ਦੀ ਯੋਜਨਾ ਨੂੰ ਅੰਤਮ ਰੂਪ ਦਿੱਤਾ ਜਾ ਰਿਹਾ ਹੈ। ਔਰਤਾਂ ਨੂੰ ਸਾਈਬਰ ਤੇ ਸੂਚਨਾ ਤਕਨੀਕ, ਮਿਲਟਰੀ ਪੁਲੀਸ ਕੋਰ ਅਤੇ ਸਰਵਿਸਿਜ਼ ਸਿਲੈਕਸ਼ਨ ਬੋਰਡ ਦੇ ਵੱਖ-ਵੱਖ ਅਹੁਦਿਆਂ 'ਤੇ ਪੱਕਾ ਕਮਿਸ਼ਨ ਦੇਣ ਵਾਸਤੇ ਵਿਚਾਰ ਕੀਤੀ ਜਾ ਰਹੀ ਹੈ। ਲੜਾਈ ਦੌਰਾਨ ਭੂਮਿਕਾ ਨਿਭਾਉਣ ਵਾਲੀਆਂ ਸਰਵਿਸਿਜ਼ ਵਿਚ ਔਰਤਾਂ ਨੂੰ ਫਿਲਹਾਲ ਸਥਾਈ ਕਮਿਸ਼ਨ ਤੋਂ ਬਾਹਰ ਰੱਖਿਆ ਗਿਆ ਹੈ। ਹਾਲੇ ਤਕ ਔਰਤਾਂ ਨੂੰ ਸ਼ਾਰਟ ਸਰਵਿਸ ਕਮਿਸ਼ਨ ਵਜੋਂ ਫ਼ੌਜ ਵਿੱਚ ਅਫਸਰ ਦੀ ਨਿਯੁਕਤੀ ਮਿਲਦੀ ਹੈ, ਜਿਸ ਵਿਚ ਉਹ ਵੱਧ ਤੋਂ ਵੱਧ 14 ਸਾਲਾਂ ਤਕ ਸੇਵਾ ਦਿੰਦੀਆਂ ਹਨ। ਜਿਨ੍ਹਾਂ ਸੇਵਾਵਾਂ ਵਿਚ ਔਰਤਾਂ ਨੂੰ ਪੱਕਾ ਕਮਿਸ਼ਨ ਮਿਲੇਗਾ, ਉਨ੍ਹਾਂ 'ਚ ਸੇਵਾ ਮੁਕਤੀ ਦੀ ਉਮਰ ਤਕ ਉਹ ਕੰਮ ਕਰ ਸਕਣਗੀਆਂ। ਲੜਾਕੂ ਭੂਮਿਕਾ ਵਿਚ ਔਰਤਾਂ ਦੇ ਦਾਖਲੇ ਬਾਰੇ ਉਨ੍ਹਾਂ 'ਤੇ ਨਿਰਭਰ ਹੈ ਕਿ ਉਹ ਵਿਸ਼ੇਸ਼ ਵਾਧੂ ਸਹੂਲਤਾਂ ਦੇ ਬਗੈਰ ਅਗਲੀ ਲਾਈਨ ਦੀ ਲੜਾਕੂ ਭੂਮਿਕਾ ਵਿਚ ਜਾਣ ਨੂੰ ਤਿਆਰ ਹਨ ਜਾਂ ਨਹੀਂ। ਰਾਵਤ ਨੇ ਸਕੂਲੀ ਵਿਦਿਆਰਥਣਾਂ ਨੂੰ ਸਮਝਾਇਆ ਕਿ ਅਸਫਲਤਾ ਨੂੰ ਸਵੀਕਾਰ ਕਰਦੇ ਹੋਏ ਜਿਹੜਾ ਕੋਈ ਖਾਮੀਆਂ 'ਤੇ ਵਿਚਾਰ ਕਰਕੇ ਅੱਗੇ ਵਧਦਾ ਹੈ, ਉਹ ਉਚਾਈਆਂ ਛੂਹਦਾ ਹੈ।

## ਹਵਾ ਪ੍ਰਦੂਸ਼ਣ ਦੇ ਟਾਕਰੇ ਲਈ ਭਾਰਤ ਨੇ ਸਮਾਗ ਟਾਵਰ ਬਣਾਇਆ

ਨਵੀਂ ਦਿੱਲੀ, 5 ਨਵੰਬਰ (ਪੋਸਟ ਬਿਊਰੋ)- ਹਵਾ ਪ੍ਰਦੂਸ਼ਣ ਨਾਲ ਬੁਰੀ ਤਰ੍ਹਾਂ ਜੂਝ ਰਹੀ ਦਿੱਲੀ ਦੀ ਇੱਕ ਕੰਪਨੀ ਨੇ ਚਾਲੀ ਫੁੱਟ ਲੰਬਾ ਅਜਿਹਾ ਪਿਊਰੀਫਾਇਰ ਬਣਾਇਆ ਹੈ, ਜੋ ਉਸ ਦੇ ਤਿੰਨ ਕਿਲੋਮੀਟਰ ਦੇ ਘੇਰੇ ਵਿੱਚ ਰਹਿੰਦੇ 75000 ਲੋਕਾਂ ਨੂੰ ਸਵੱਛ ਹਵਾ ਦੇ ਸਕਦਾ ਹੈ। ਕੁਰੀਨ ਸਿਸਟਮਜ਼ ਦੇ ਕੋ-ਫਾਊਂਡਰ ਪਵਨੀਤ ਸਿੰਘ ਪੁਰੀ ਨੇ ਦੱਸਿਆ ਕਿ ਕੰਪਨੀ ਨੂੰ ਹਾਲ ਹੀ ਵਿੱਚ ਦੁਨੀਆ ਦੇ ਸਭ ਤੋਂ ਲੰਬੇ ਅਤੇ ਨਾਲ ਸਭ ਤੋਂ ਮਜ਼ਬੂਤ ਪਿਊਰਫਾਇਰ ਲਈ ਪੇਟੈਂਟ ਮਿਲਿਆ ਹੈ, ਵਿਸ਼ਵ ਬੋਧਿਕ ਸੰਪਦਾ ਸੰਗਠਨ ਨੇ ਹਾਲ ਹੀ ਵਿੱਚ ਇਸ ਦੇ ਬਾਰੇ ਵਿੱਚ ਜਾਣਕਾਰੀ ਦਿੱਤੀ ਸੀ।

## ਦੋ ਤੋਂ ਵੱਧ ਬੱਚਿਆਂ ਵਾਲਿਆਂ ਦਾ ਵੋਟਿੰਗ ਰਾਈਟ ਖੋਹਿਆ ਜਾਵੇ: ਰਾਮਦੇਵ



ਹਰਿਦੁਆਰ, 5 ਨਵੰਬਰ (ਪੋਸਟ ਬਿਊਰੋ)- ਯੋਗੀ ਬਾਬਾ ਸਵਾਮੀ ਰਾਮਦੇਵ ਨੇ ਕਿਹਾ ਹੈ ਕਿ ਇਸ ਦੇਸ਼ ਵਿੱਚ ਜੋ ਸਾਡੇ ਵਾਂਗ ਵਿਆਹ ਨਾ ਕਰੇ, ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਹੋਣਾ ਚਾਹੀਦਾ ਹੈ ਅਤੇ ਵਿਆਹ ਕਰ ਕੇ ਦੋ ਤੋਂ ਵੱਧ ਬੱਚੇ ਪੈਦਾ ਕਰੇ, ਉਨ੍ਹਾਂ ਨੂੰ ਵੋਟ ਦਾ ਹੱਕ ਨਹੀਂ ਹੋਣਾ ਚਾਹੀਦਾ। ਰਾਮਦੇਵ ਨੇ ਕੱਲ੍ਹ ਹਰਿਦੁਆਰ ਵਿੱਚ ਇਹ ਬਿਆਨ ਦਿੱਤਾ ਹੈ। ਇਸ ਸੰਬੰਧ ਵਿੱਚ ਰਾਮਦੇਵ ਨੇ ਕਿਹਾ ਕਿ ਇਹ ਰਾਜਨੀਤਕ ਅਤੇ ਰਾਸ਼ਟਰੀ ਮੁੱਦਾ ਹੈ ਪਰ ਭਾਰਤੀ ਪਰੰਪਰਾ ਵਿੱਚ ਜਦ ਜਨਸੰਖਿਆ ਘੱਟ ਸੀ ਤਾਂ ਵੱਧ ਬੱਚੇ ਪੈਦਾ ਕਰਨ ਦੀ ਗੱਲ ਕੀਤੀ ਗਈ ਅਤੇ 10 ਬੱਚੇ ਤੱਕ ਪੈਦਾ ਕਰਨ ਦੀ ਗੱਲ ਵੀ ਹੋਈ ਸੀ। ਉਨ੍ਹਾਂ ਨੇ ਕਿਹਾ ਕਿ ਜਿਨ੍ਹਾਂ ਕੋਲ ਹੈਸੀਅਤ ਹੋਵੇ, ਲੋੜ ਹੋਵੇ, ਉਹ ਕਰ ਲੈਣ, ਪਰ ਇਕ ਦੋ ਬੱਚੇ ਸਾਨੂੰ ਦੇ ਦੇਣ। ਰਾਮਦੇਵ ਨੇ ਕਿਹਾ ਕਿ ਜਦ ਅਬਾਦੀ ਸਵਾ ਸੌ ਕਰੋੜ ਹੋ ਚੁੱਕੀ ਹੈ, ਭਾਵੇਂ ਵੋਟ ਨਾਲ ਅਸੀਂ ਰਾਜਨੀਤਕ ਅਗਵਾਈ ਚੁਣਦੇ ਹਾਂ, ਪਰ ਵਿਵੇਕਸ਼ੀਲ ਪੁਰਸ਼ ਜਾਂ ਮਹਿਲਾ ਹੋਵੇ, ਜਾਗਰਤ ਆਤਮਾ ਹੋਵੇ ਤਾਂ ਹਜ਼ਾਰਾਂ ਲੱਕਾਂ ਕਰੋੜਾਂ 'ਤੇ ਭਾਰੀ ਪੈਂਦੀ ਹੈ। ਵਰਨਣ ਯੋਗ ਹੈ ਕਿ ਸਵਾਮੀ ਰਾਮਦੇਵ ਖੁਦ ਕੁਆਰੇ ਹਨ ਅਤੇ ਵਿਆਹ ਬਾਰੇ ਉਹ ਇਸ ਤੋਂ ਪਹਿਲਾ ਵੀ ਬਿਆਨ ਦੇ ਚੁੱਕੇ ਹਨ।

## ਰਿਜ਼ਰਵ ਬੈਂਕ ਦੇ ਗਵਰਨਰ ਨੂੰ ਸੂਚਨਾ ਕਮਿਸ਼ਨ ਵੱਲੋਂ ਕਾਰਨ ਦੱਸੋ ਨੋਟਿਸ

